ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ ।।

AUGUST 1994

ਅਗਸਤ ੧੯੯੪



ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ

www.AKJ.Org

# ਤਤਕਰਾ


| | | | |
|---|---|---|---|
| ੧. | ਸੇ ਭਾਦੁਇ ਨਰਕਿ ਨ ਪਾਈਅਹਿ | ੧ | ਬਾਰਹਮਾਹਾ ਮਾਂਝ ਮਹਲਾ -੫ |
| ੨. | ਅਰਥੁ ਵਿਆਖਿਆ | ੨ | - - - - - |
| ੩. | ਪੰਚ ਸ਼ਨ | ੪ | ਭਾਈ ਸਾਹਿਬ ਰਣਧੀਰ ਸਿੰਘ ਜੀ |
| ੪. | ਮਾਨ ਪ੍ਰਤਿਸ਼ਟਾ ਦਾ ਚਸਕਾ | ੫ | ਭਾਈ ਸਾਹਿਬ ਰਣਧੀਰ ਸਿੰਘ ਜੀ |
| ੫. | ਇਕ ਇਤਿਹਾਸਕ ਪੰਥਕ ਫੈਸਲਾ | ੭ | - - - - |
| ੬. | ਕਬਿਤ ਸਵਯੇ ਭਾਈ ਗੁਰਦਾਸ ਜੀ (੨੯) | ੨੦ | - - - - - |
| ੭. | ਸੱਚੀ-ਪ੍ਰੀਤ (ਕਵਿਤਾ) | ੨੪ | ਭਾਈ ਨਵਦੀਪ ਸਿੰਘ ਜੀ ਖਾਲਸਾ |
| ੮. | ਹਰਿ ਸਿਮਰਨ | ੨੪ | ਪ੍ਰੋ: ਹਰਬੰਸ ਸਿੰਘ ਜੀ |
| ੯. | ਇਕਦੂ ਜੀਭੌ ਲਖ ਹੋਹਿ | ੨੯ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ੧੦. | ਦਰਸਨਿ ਦੇਖਿਐ ਸਭੁ ਦੁਖੁ ਜਾਇ | ੩੧ | ਪ੍ਰਿ: ਸੱਜਣ ਸਿੰਘ ਜੀ |
| ੧੧. | ਜਿਸ ਡਿਠੇ ਸਭਿ ਦੁਖਿ ਜਾਇ | ੩੩ | ਪ੍ਰੋ: ਜੋਗਿੰਦਰ ਸਿੰਘ ਜੀ |
| ੧੨. | ਸ੍ਰੀ ਹਰਿ ਕ੍ਰਿਸ਼ਨ ਧਿਆਈਐ | ੩੬ | ਭਾਈ ਰਣਧੀਰ ਸਿੰਘ ਜੀ (ਸੂਰਤ) |
| ੧੩. | ਸਿਰ ਸਾਹਾ ਪਾਤਿਸਾਹੁ | ੪੦ | ਭਾਈ ਰਾਮ ਸਿੰਘ ਜੀ ਯੂ. ਕੇ. |
| ੧੪. | ਭੂਰਿਆਂ ਵਾਲੇ ਰਾਜੇ ਕੀਤੇ | ੪੪ | ਕੈਪਟਨ ਸਵਰਨ ਸਿੰਘ ਜੀ |
| ੧੫. | ਕੋ ਵਿਰਲਾ ਗੁਰਮੁਖਿ ਵੀਚਾਰਸੀ | ੪੮ | ਭਾਈ ਰਾਮ ਸਿੰਘ ਜੀ |


## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਵਾ ਕੇ ਰਸੀਦ ਲਓ ਜੀ

੧. ਲੁਧਿਆਣਾ – ਮੁੱਖ ਦਫਤਰ "ਸੂਰਾ"- ਕੋਠੀ ਨੰਬਰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੩. ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੪. ਪਟਿਆਲਾ - ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫ਼ੌਜਿੰਦਰ ਸਿੰਘ ਜੀ, ਪ੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ – ਪਿੰਡ ਉਪੋਕੇ (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭. ਦਿੱਲੀ – ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੮. ਸਾਰੇ ਸਮਾਗਮਾਂ ਸਮੇਂ – ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ਿਰੋਜ਼ਪੁਰ ਸ਼ਹਿਰ
੯. ਬਠਿੰਡਾ – ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪੰਤਾਲ
੧੦. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ : ੨੪੩੪੯
੧੧. ਅੰਮ੍ਰਿਤਸਰ – ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫ਼ੋਨ : ੪੫੭੮੭ ਘਰ : ੨੩੧੫੨੦
ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ

ਡਿਜ਼ਾਈਨ ਕਰਾਫ਼ਟ ਗੁਰੂ ਨਾਨਕ ਦੇਵ ਮਾਰਕੀਟ, ਗਿੱਲ ਰੋਡ, ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨ -ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

www.AKJ.Org

੧ਓ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਲੁਧਿਆਣਾ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

**(ਪਰਦੇਸ ਸਾਰੇ)**
**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੧੦੦-੦੦ |
| ਹਵਾਈ ਡਾਕ | ੩੦੦-੦੦ |

Foreign Subscription

| | |
|---|---|
| Sea Mail | 100-00 |
| Air Mail | 300-00 |

**ਅਮਾਨਤੀ**
**ਲਾਈਫ਼ ਮੈਂਬਰ**

| | |
|---|---|
| ਦੇਸ | ੩੦੦-੦੦ |

**ਪਰਦੇਸ**

| | |
|---|---|
| ਸਮੁੰਦਰੀ ਡਾਕ | ੧,੦੦੦-੦੦ |
| ਹਵਾਈ ਡਾਕ | ੨,੫੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

ਜਿਲਦ ੨੮ ਅਗਸਤ ੧੯੯੪ ਅੰਕ ੮

# ਸੇ ਭਾਦੁਇ ਨਰਕਿ ਨ ਪਾਈਅਹਿ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣਵਾਲਾ ਹੇਤੁ ॥੭॥

(ਬਾਰਹਮਾਹਾ ਮਾਂਝ ਮਹਲਾ ੫)

ਪਦ ਅਰਥ : — ਭਾਦੁਇ-ਭਾਦਰੋਂ ਮਹੀਨੇ ਵਿਚ। ਭਰਮਿ-ਭਰਮ ਵਿਚ। ਭੁਲਾਣੀਆ-ਭੁਲੀ ਹੋਈ ਹੈ। ਦੂਜੈ-ਕਿਸੇ ਹੋਰ ਵਿਚ। ਹੇਤੁ-ਪਿਆਰ। ਕਾਰਜਿ ਨਾਹੀ ਕੇਤੁ-ਕਿਸੇ ਕੰਮ ਨਹੀਂ। ਬਿਨਸਸੀ-ਨਾਸ ਹੋਵੇਗੀ। ਪਕੜਿ ਚਲਾਇਨਿ-ਪਕੜ ਕੇ ਤੋਰਦੇ ਹਨ। ਹਥ ਮਰੋੜੈ-ਪਛਤਾਂਦਾ ਹੈ। ਤਨੁ ਕਪੇ- ਸਰੀਰ ਕੰਬਦਾ ਹੈ। ਸਿਆਹਹੁ ਹੋਆ ਸੇਤੁ-ਕਾਲੇ ਤੋਂ ਚਿੱਟਾ ਹੁੰਦਾ ਹੈ। ਜੇਹਾ ਬੀਜੈ - ਜਿਹੇ ਕਰਮ ਕਮਾਂਦਾ ਹੈ। ਲੁਣੈ - ਵਢਦਾ ਹੈ, ਭੋਗਦਾ ਹੈ । ਸੰਦੜਾ - ਦਾ। ਬੋਹਿਥ - ਜਹਾਜ਼। ਸੇ - ਉਹ (ਬਹੁ - ਵਚਨ) ਨਰਕਿ - ਨਰਕ ਵਿਚ। ਪਾਈਅਹਿ - ਪਾਏ ਜਾਂਦੇ । ਹੇਤੁ - ਹਿਤੂ।


www.AKJ.Org

# ਅਰਥ ਵਿਆਖਿਆ

**ਅਰਥ :**

ਭਾਦਰੋਂ ਮਹੀਨੇ ਵਿਚ ਜੋ ਜੀਵ - ਇਸਤ੍ਰੀ ਭਰਮ ਵਿਚ ਪੈ ਕੇ (ਜੀਵਨ - ਰਾਹ ਤੋਂ) ਭੁਲੀ ਹੁੰਦੀ ਹੈ, ਉਸ ਦਾ ਪਿਆਰ (ਪ੍ਰਭੂ ਨੂੰ ਛਡ ਕੇ) ਕਿਸੇ ਹੋਰ ਨਾਲ ਲਗ ਜਾਂਦਾ ਹੈ। ਫਿਰ ਉਹ ਭਾਵੇਂ ਲੱਖਾਂ ਸ਼ਿੰਗਾਰ ਤੇ ਵੇਸ ਕਰਦੀ ਫਿਰੇ, ਉਹ ਕਿਸੇ ਲੇਖੇ ਨਹੀਂ।

ਜਿਸ ਦਿਨ ਦੇਹੀ ਬਿਨਸ ਜਾਏਗੀ ਉਸ ਵੇਲੇ (ਸਾਰੇ ਹੀ) ਭੂਤ - ਪ੍ਰੇਤ ਆਖਣਗੇ। ਉਦੋਂ ਜਮਦੂਤ ਪਕੜ ਕੇ ਅਗੇ ਲਾ ਲੈਣਗੇ ਅਤੇ ਕਿਸੇ ਨੂੰ ਕੋਈ ਭੇਤ ਨਹੀਂ ਦਸਣਗੇ (ਕਿ ਉਹ ਉਸ ਨੂੰ ਕਿਥੇ ਲੈ ਜਾ ਰਹੇ ਹਨ)।

ਜਿਨ੍ਹਾਂ ਸਾਕਾਂ ਅੰਗਾਂ ਨਾਲ ਪਿਆਰ ਹੁੰਦਾ ਹੈ ਉਹ ਇਕ ਖਿਨ ਵਿਚ ਸਾਥ ਛਡ ਜਾਂਦੇ ਹਨ। (ਜਮਦੂਤਾਂ ਨੂੰ ਵੇਖ ਕੇ ਪ੍ਰਾਣੀ) ਪਛਤਾਂਦਾ ਹੈ, ਸਰੀਰ ਕੰਬਦਾ ਹੈ, ਕਾਲਿਓਂ ਚਿੱਟਾ ਹੁੰਦਾ ਹੈ (ਭਾਵ, ਇਕ ਰੰਗ ਆਂਦਾ ਹੈ ਇਕ ਜਾਂਦਾ ਹੈ)। ਇਹ (ਮਨੁਖਾ ਜਨਮ) ਕਰਮਾਂ ਦਾ ਖੇਤ ਹੈ। ਇਸ ਵਿਚ ਮਨੁਖ ਜੋ (ਕਰਮ) ਬੀਜਦਾ ਹੈ ਉਹੀ ਵਢਦਾ ਹੈ (ਫਲ ਪਾਂਦਾ ਹੈ)।

'ਨਾਨਕ' ਮੁਹਰ - ਛਾਪ ਹੇਠ ਸਤਿਗੁਰੂ ਫੁਰਮਾਂਦੇ ਹਨ, ਜੋ ਪ੍ਰਭ ਦੀ ਸ਼ਰਨ ਪੈਂਦੇ ਹਨ, ਉਨ੍ਹਾਂ ਨੂੰ (ਸਤਿਗੁਰੂ) ਪ੍ਰਭੂ ਦੇ ਚਰਨਾਂ ਰੂਪੀ ਜਹਾਜ਼ ਤੇ ਚੜ੍ਹਾ ਦੇਂਦੇ ਹਨ। ਭਾਦਰੋਂ ਮਹੀਨੇ ਵਿਚ (ਦਿਤੇ ਉਪਦੇਸ਼ ਦੁਆਰਾ) ਉਹ ਪ੍ਰਾਣੀ ਨਰਕ ਵਿਚ ਨਹੀਂ ਪਾਏ ਜਾਂਦੇ, ਸਤਿਗੁਰੂ ਉਨ੍ਹਾਂ ਦਾ ਹਿਤੂ ਰਖਵਾਲਾ ਹੁੰਦਾ ਹੈ।

**ਵਿਆਖਿਆ :**

ਇਹ ਮਨੁੱਖਾ ਜਨਮ ਪ੍ਰਭੂ ਨਾਲ ਪਿਆਰ ਕਰਨ ਲਈ, ਉਸ ਦਾ ਨਾਮ ਜਪਣ ਲਈ ਅਤੇ ਨਾਮ - ਸਿਮਰਨ ਦੀ ਕਮਾਈ ਕਰ ਕੇ ਪ੍ਰਭੂ - ਪਰਮਾਤਮਾ ਨਾਲ ਇਕ - ਮਿਕ ਹੋਣ ਲਈ ਮਿਲਿਆ ਹੈ। ਪਰ ਜੀਵ - ਇਸਤ੍ਰੀ ਭਰਮ - ਭੁਲੇਖੇ ਕਾਰਨ, ਪ੍ਰਭੂ ਨਾਲ ਪਿਆਰ ਪਾਉਣ ਦੀ ਥਾਂ ਦੂਜੇ ਭਾਵ ਵਿਚ, ਭਾਵ, ਪਰਵਾਰ ਤੇ ਮਾਇਕ ਧੰਦਿਆ ਨਾਲ ਪਿਆਰ ਪਾ ਲੈਂਦਾ ਹੈ। ਪ੍ਰਭੂ - ਪਿਆਰ ਤੋਂ ਸਖਣੀ ਜੀਵ - ਇਸਤ੍ਰੀ ਪਰਮਾਤਮਾ ਨੂੰ ਰੀਝਾਣ ਲਈ ਬਾਹਰਮੁਖੀ ਕਈ ਤਰ੍ਹਾਂ ਦੇ ਹਾਰ ਸ਼ਿੰਗਾਰ ਕਰਦੀ ਤੇ ਪਹਿਰਾਵੇ ਪਹਿਨਦੀ ਹੈ, ਜੋ ਸਚੇ ਪਿਆਰ ਤੋਂ ਬਿਨਾਂ ਨਿਰਾ ਪਖੰਡ ਹਨ। ਵਾਹਿਗੁਰੂ ਜੀ ਨਾਲ ਸੱਚੀ ਪ੍ਰੀਤ ਪਾਏ ਬਿਨਾਂ ਬਾਹਰਮੁਖੀ ਹਾਰ ਸ਼ਿੰਗਾਰ ਤੇ ਪਹਿਰਾਵੇ ਕਿਸੇ ਲੇਖੇ ਨਹੀਂ ਲਗਣੇ। ਗੁਰ - ਹੁਕਮ ਹੈ-

**ਮੁੰਧੇ ਪਿਰ ਬਿਨੁ ਕਿਆ ਸੀਗਾਰੁ ।।**
**ਦਰਿ ਘਰਿ ਢੋਈ ਨ ਲਹੇ ਦਰਗਹ ਝੂਠੁ ਖੁਆਰ ।। ੧ ।। ਰਹਾਉ ।।** (ਪੰਨਾ-੧੯)

ਜੀਵ ਜਿਨ੍ਹਾਂ ਸਾਕਾਂ ਸਨਬੰਧੀਆਂ ਦੇ ਮੋਹ ਵਿਚ ਫਾਥਾ, ਸਾਰੀ ਉਮਰ ਧੰਦੇ ਪਿਟਦਾ ਪਾਪ - ਕਰਮ ਕਮਾਂਦਾ ਹੈ, ਉਹ ਸਾਰੇ ਸਾਕ - ਅੰਗ ਪ੍ਰਾਣੀ ਦੇ ਸੁਆਸ ਤਿਆਗਣ ਤੇ, ਉਸ ਦੇਹੀ ਨੂੰ ਭੂਤ - ਪ੍ਰੇਤ ਸਮਝ ਕੇ ਸਾਥ ਛਡ ਜਾਂਦੇ ਹਨ। ਨੌਵੇਂ ਪਾਤਸ਼ਾਹ ਜੀ ਦਾ ਫੁਰਮਾਨ ਹੈ-

**ਤਨ ਤੇ ਪ੍ਰਾਨ ਹੋਤ ਜਬ ਨਿਆਰੇ, ਟੇਰਤ ਪ੍ਰੇਤਿ ਪੁਕਾਰਿ ।।**
**ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ ।। ੧ ।। ੨ ।।** (ਪੰਨਾ-੫੩੬)

ਇਥੋਂ ਤਕ ਕਿ - **ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ, ਸਦਾ ਰਹਤ ਸੰਗ ਲਾਗੀ ।।**
**ਜਬ ਹੀ ਹੰਸ ਤਜੀ ਇਹ ਕਾਂਇਆ, ਪ੍ਰੇਤ ਪ੍ਰੇਤ ਕਰਿ ਭਾਗੀ ।। ੨ ।। ੧੨ ।।** (ਪੰਨਾ-੬੩੪)


www.AKJ.Org

ਓਦੋਂ ਮਰਨ ਸਮੇਂ ਪਛਤਾਵੇ ਵਿਚ ਪ੍ਰਾਣੀ ਪਛਤਾਂਦਾ ਤੇ ਹੱਥ ਮਲਦਾ ਹੈ, ਪਰ ਕੁਝ ਹੋ ਨਹੀਂ ਸਕਦਾ। ਇਸੇ ਕਰਕੇ ਗੁਰੂ ਅਮਰਦਾਸ ਜੀ 'ਅਨੰਦ' ਬਾਣੀ ਵਿਚ ਮਨੁੱਖ ਨੂੰ ਉਪਦੇਸ਼ ਦੇ ਰਹੇ ਹਨ-

**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥**
**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥**
**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥੨॥੧੧॥**(ਪੰਨਾ ੯੧੮)

ਜੀਵਨ ਭਰ ਪ੍ਰਾਣੀ ਜਿਹੋ ਜਿਹੇ ਕਰਮ ਕਮਾਂਦਾ ਹੈ, ਉਨ੍ਹਾਂ ਦਾ ਓਹੋ ਜਿਹਾ ਫਲ ਭੁਗਤਣਾ ਪੈਂਦਾ ਹੈ। ਇਸੇ ਤਰ੍ਹਾਂ ਸਤਿਗੁਰੂ ਜੀ ਪ੍ਰਾਣੀ ਨੂੰ ਚੇਤੰਨ ਕਰਦੇ ਹਨ -

**ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ॥**
**ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥ ੪॥** (ਪੰਨਾ ੧੦੯)

ਜਿਹੜੀ ਜੀਵ - ਇਸਤ੍ਰੀ ਪ੍ਰਭੂ - ਪ੍ਰੀਤਮ ਦੇ ਪਿਆਰ ਵਿਚ ਨਹੀਂ ਰੰਗੀ ਜਾਂਦੀ, ਉਸ ਨੂੰ ਅੰਤ ਸਮੇਂ ਪਛਤਾਣਾ ਪੈਂਦਾ ਹੈ। ਇਸ ਲਈ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਮਨੁੱਖਾ ਜਨਮ ਦੀ ਇਹ ਵਾਰੀ, ਮਿਲਣ ਤੇ ਵਾਹਿਗੁਰੂ - ਪ੍ਰੀਤਮ ਦਾ ਨਾਮ ਜਪ ਜਪ ਕੇ, ਪਿਆਰੇ ਪ੍ਰਭੂ ਨੂੰ ਰੀਝਾਣ ਦੀ ਹੈ-

**ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥**
**ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥੨॥**
**ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥**
**ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥੩॥**

(ਤਿਲੰਗ ਮ: ੧, ਪੰਨਾ ੭੨੫)

ਮਹੀਨੇ ਦੇ ਅੰਤ ਤੇ ਸਤਿਗੁਰੂ ਪੰਚਮ ਪਾਤਸ਼ਾਹ ਜੀ ਉਪਦੇਸ਼ ਕਰਦੇ ਹਨ ਕਿ ਜਿਹੜੇ ਪ੍ਰਾਣੀ ਜੀਵਨ - ਕਾਲ ਵਿਚ ਪ੍ਰਭੂ ਦੀ ਸ਼ਰਨ ਲੈਂਦੇ ਹਨ, ਉਨ੍ਹਾਂ ਨੂੰ ਸਤਿਗੁਰੂ ਜੀ ਵਾਹਿਗੁਰੂ ਜੀ ਦੇ ਚਰਨ - ਕਮਲਾਂ ਰੂਪੀ ਜਹਾਜ ਤੇ ਚੜ੍ਹਾ ਕੇ, ਉਨ੍ਹਾਂ ਦਾ ਪਾਰ - ਉਤਾਰਾ ਕਰ ਦਿੰਦੇ ਹਨ। ਸਤਿਗੁਰੂ ਜੀ ਪ੍ਰਾਣੀ ਨੂੰ ਗੁਰ - ਦੀਖਿਆ (ਨਾਮ - ਅੰਮ੍ਰਿਤ) ਦੀ ਦਾਤਿ ਬਖਸ਼ ਕੇ ਸਚੇ ਮਾਰਗ ਤੇ ਤੋਰਦੇ ਹਨ। ਗੁਰੂ ਦਾ ਸ਼ਬਦ (ਨਾਮ - ਸਿਮਰਨ) ਪ੍ਰਾਣੀ ਦਾ ਜੀਵਨ ਸਵਾਰ ਦੇਂਦਾ ਹੈ। ਗੁਰ - ਫੁਰਮਾਨ ਹੈ-

**ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥**
**ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ॥**
**ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ॥੧੨॥** (ਪੰਨਾ–੧੪੩)

ਗੁਰ - ਸਬਦ ਦੀ ਕਮਾਈ ਕਰਨ ਵਾਲਿਆਂ ਦਾ ਸਹਾਈ ਸਤਿਗੁਰੂ ਆਪ ਹੈ। ਗੁਰ - ਉਪਦੇਸ਼ ਨੂੰ ਕਮਾ ਕੇ ਪ੍ਰਾਣੀ ਨਰਕਾਂ ਵਿਚ ਨਹੀ ਪੈਂਦੇ, ਸਗੋਂ ਸਚੀ ਦਰਗਾਹ ਵਿਚ ਮਾਣ ਪ੍ਰਾਪਤ ਕਰਦੇ ਹਨ। ਸਤਿਗੁਰੂ - ਪ੍ਰਭੂ ਦੇ ਬਖਸ਼ੇ ਹੋਇਆਂ ਦੀ ਕੋਈ ਰੀਸ ਨਹੀਂ।

### ਜਰੂਰੀ ਬੇਨਤੀ

ਪਾਠਕ ਜੀ ਪੱਤਰ ਵਿਹਾਰ ਕਰਨ ਸਮੇਂ ਚਿਟ ਨੰਬਰ ਦ੍ਵਾ ਹਵਾਲਾ ਜ਼ਰੂਰ ਦਿਓ ਜੀ । ਜੇ ਆਪ ਜੀ ਨੂੰ ੧੫ ਤਰੀਕ ਤੱਕ ਸੂਰਾ ਪੱਤਰ ਨਾ ਪਹੁੰਚੇ ਤਾਂ ਚਿੱਠੀ ਲਿਖ ਕੇ ਹੋਰ ਮੰਗਵਾਉਣ ਵਿੱਚ ਸੰਕੋਚ ਨਾ ਕਰੋ ਜੀ ।

www.AKJ.Org

# ਪੰਚ ਜਨ

ਪੰਚ ਜਨ' ਉਹ ਹਨ, ਜਿਨ੍ਹਾਂ ਦੀ ਬਿਰਤੀ ਅਠੋ ਪਹਿਰ ਗੁਰੂ ਅਤੇ ਨਾਮ ਨਾਲ ਹੀ ਜੁੜੀ ਰਹੇ ਅਤੇ ਜੋ ਹਰ ਦਮ ਗੁਰੂ ਸੇਤੀ ਹੀ ਸਨਮੁਖ ਰਹਿਣ । ਜੈਸਾ ਕਿ ਏਸ (ਅਗਲੇਰੇ) ਗੁਰਵਾਕ ਦਾ ਭਾਵ ਹੈ । ਯਥਾ ਗੁਰਵਾਕ

**ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ।।**
**ਹੋਵੈ ਤਾ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ।।**
**ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ।**
**ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ।।**
**ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ।।੨੧।।** (ਪੰਨਾ-੯੧੯)

ਅਜਿਹੇ ਅਤੇ ਕੇਵਲ ਅਜਿਹੇ ਸਨਮੁਖ ਸਿੱਖਾਂ ਦਾ ਨਾਉਂ ਹੀ ਪੰਚ ਜਨ ਹੋ ਸਕਦਾ ਹੈ ਅਤੇ ਅਜਿਹੇ ਪੰਚਾਂ ਦਾ ਪੁੰਜ ਹੀ ਉਸ ਅੰਮ੍ਰਿਤ ਰੂਪੀ ਔਖਧੀ ਨੂੰ ਤਿਆਰ ਕਰਨ ਹਿਤ ਗੁਰਮਤਿ ਅੰਦਰ 'ਪੰਚ ਪਰਵਾਣ' ਦੇ ਭਾਵ ਅਨੁਸਾਰ ਪ੍ਰਮਾਣੀਕ ਹੈ । ਅਤੇ ਕੇਵਲ ਅਜਿਹੇ ਗੁਰਮੁਖ ਪੰਚ ਜਨਾਂ ਦੇ ਪੁੰਜ ਨੂੰ ਹੀ 'ਗੁਰੂ ਦੁਆਰੇ ਹੋਇ ਕੈ' ਅੰਮ੍ਰਿਤ ਰੂਪੀ ਔਖਧੀ ਦੇ ਤਿਆਰ ਕਰਨ ਹਿਤ 'ਪੰਚ ਪਰਧਾਨ' ਵਾਲੇ ਵਾਕ ਦੇ ਭਾਵ ਅਨੁਸਾਰ ਗੁਰੂ ਵਲੋਂ ਪ੍ਰਧਾਨਤਾ ਪ੍ਰਾਪਤ ਹੋ ਸਕਦੀ ਹੈ । ਪ੍ਰੰਤੂ ਅੱਜਕਲ੍ਹ ਪੰਥ ਅੰਦਰ ਏਸ ਤੋਂ ਐਨ ਉਲਟ ਪਰਪੰਚ ਪੋਖਣ ਵਿਚ ਆਉਂਦਾ ਹੈ । ਜਿਸ ਪਰਪੰਚੀ ਵਿਚ ਰੰਚਕ ਭੀ ਗੁਰਮਤਿ ਦਾ ਗੁਣ ਨਹੀਂ ਘਟਦਾ ਅਤੇ ਜੋ ਨਿਰਾ ਹਉਮੈ ਅਤੇ ਪਰਪੰਚ ਦਾ ਹੀ ਪੁੰਜ ਹੈ, ਉਹ ਬਾਂਹ ਉਲਾਰ ਉਲਾਰ ਕੇ ਅਤੇ ਮਲੋ ਮੱਲੀ ਅਗਾਹਾਂ ਵਧ ਕੇ ਆਪਣੇ ਆਪ ਨੂੰ ਪੰਚਾਂ ਦਾ ਭੀ ਸਰਪੰਚ ਬਣਾਇਆ ਲੋੜਦਾ ਹੈ ਅਤੇ ਨਿਤ ਨਵੀਆਂ ਮਨਮਤਾਂ ਪ੍ਰਚਲਤ ਅਤੇ ਪ੍ਰਮਾਣੀਕ ਗੁਰਮਤਿ ਅੰਦਰ ਪਰਚੁਰ ਕਰਕੇ ਕੇਵਲ ਨਵੀਨ ਕਾਢਾਂ ਦਾ ਕਾਢੂ ਬਣਨ ਅਤੇ ਪੰਥ ਅੰਦਰ ਉਘਾ ਹੋਣ ਦੀ ਖ਼ਾਤਰ ਨਿਧੜਕ ਅਤੇ ਨਿਰਭੈ ਹੋ ਕੇ ਗੁਰਮਤਿ ਦੇ ਪਵਿਤਰ ਅਸੂਲਾਂ ਦੀ ਭੰਨ-ਤੋੜ ਕਰਨੋਂ ਭੀ ਨਹੀਂ ਸੰਕੋਚਦਾ । ਇਹ ਹਉਮੈ ਨਹੀਂ ਤਾਂ ਹੋਰ ਕੀ ਹੈ ? ਪਰਪੰਚ ਪਸਾਰਾ ਨਹੀਂ ਤਾਂ ਹੋਰ ਕੀ ਹੈ? ਕੀ ਅਜਿਹੇ ਹਉਮੈ ਦੇ ਪੁੰਜ ਪਰਪੰਚੀ ਪੁਰਸ਼ਾਂ ਦੀ ਪਰਪੰਚ-ਬਿਰਤੀ ਅੰਦਰ ਨਾਮ ਦਾ ਨਿਵਾਸ ਹੋ ਸਕਦਾ ਹੈ ? ਨਿਵਾਸ ਕੀ, ਉਥੇ ਤਾਂ ਨਾਮ ਦਾ ਲੇਸ ਮਾਤ੍ਰ ਨਹੀਂ ਹੋਣਾ ਚਾਹੀਦਾ, ਕਿਉਂਕਿ -

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ।।**
**ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ।।੧।।੯।।**

(ਵਡਹੰਸੁ ਮ: ੩, ਪੰਨਾ-੫੬੦)

ਕੇਵਲ ਨਾਮ ਵਿਚ ਰਤੇ ਗੁਰਮੁਖ ਪਿਆਰਿਆਂ ਨੂੰ ਹੀ ਪੰਚ ਸਦਵਾਉਣ ਦਾ ਅਧਿਕਾਰ ਹੈ, ਪ੍ਰੰਤੂ ਉਹ ਆਪੋ ਕੁਛ ਬਣ ਕੇ ਨਹੀਂ ਬੈਠਦੇ, ਨਾ ਹੀ ਕੁਛ ਸਦਾਉਂਦੇ ਹਨ । ਆਪਾ ਪ੍ਰਗਟ ਕਰਨ ਦੀ ਉਨ੍ਹਾਂ ਦੀ ਬਾਣ ਅਤੇ ਵਾਦੀ ਹੀ ਨਹੀਂ ਹੁੰਦੀ । ਉਹ ਤਾਂ ਨਾਮ ਦੀ ਰੰਗਣ ਵਿਚ ਰੱਤੇ ਹੋਏ ਗੁਰੂ ਦੀ ਯਾਦ ਵਿਚ ਮਸਤ ਅਤੇ ਲਿਵਲੀਨ ਹੋਏ ਗੁਰੂ ਦੀ ਸੰਗਤ ਅੰਦਰ ਵਰਤਦੇ ਹਨ । ਗੁਰੂ ਦਾ ਭੈ ਉਨ੍ਹਾਂ ਦੇ ਰੋਮ ਰੋਮ ਵਿਚ ਰਸਿਆ ਪਿਆ ਹੁੰਦਾ ਹੈ । ਗਰੀਬੀ ਉਨ੍ਹਾਂ ਦੀ ਗਦਾ ਹੁੰਦੀ ਹੈ । ਉਹ ਪਰਪੰਚੀਆਂ ਵੱਤ ਅਹੰਮੇਵ ਵਿਚ ਮੱਤੇ ਨਹੀਂ ਹੁੰਦੇ, ਕਿਉਂਕਿ ਉਨ੍ਹਾਂ ਨੇ ਨਾਮ ਦੀ ਸੰਜੋਅ ਪਹਿਰ ਰਖੀ ਹੁੰਦੀ ਹੈ, ਜਿਸ ਕਰਕੇ ਹਉਮੈ ਵਾਲੀ ਬਲਾਅ ਉਨ੍ਹਾਂ ਦੇ ਨੇੜੇ ਨਹੀਂ ਢੁਕਣੀ ਪਾਉਂਦੀ । ਹਉਮੈ ਦਾ ਨਾਵੈ ਨਾਲ ਵਿਰੋਧ ਜੁ ਹੋਇਆ । ਅਜਿਹੇ ਕੇਵਲ ਅਜਿਹੇ ਗੁਰਮੁਖਾਂ ਪ੍ਰਥਾਇ ਹੀ 'ਪੰਚ' ਦਾ ਪਦ ਸੋਭ ਸਕਦਾ ਹੈ ਅਤੇ ਅਜਿਹੇ ਪੰਚਾਂ ਦੇ ਪੁੰਜ ਦੁਆਰਾ ਸਾਜਿਆ ਹੋਇਆ ਅੰਮ੍ਰਿਤੀ ਨੁਸਖਾ ਹੀ ਫਲੀਭੂਤ ਹੋ ਸਕਦਾ ਹੈ, ਅਤੇ ਅੰਮ੍ਰਿਤ-ਕਲਾ ਵਰਤਾ ਸਕਦਾ ਹੈ ।

(ਹਉਮੈ ਨਾਵੈ ਨਾਲਿ ਵਿਰੋਧੁ ਹੈ, ਟ੍ਰੈਕਟ ਵਿਚੋਂ)

www.AKJ.Org

# ਮਾਨ ਪ੍ਰਤਿਸ਼ਟਾ ਦਾ ਚਸਕਾ

ਹਉਮੈ ਰਹਿਤ ਹੋ ਕੇ ਨਾਮ ਜਪਣਾ ਫਲਦਾਇਕ ਹੈ । ਏਸ ਅੰਮ੍ਰਿਤ ਨਾਮ ਨੂੰ ਅੰਮ੍ਰਿਤ-ਫਲ ਹੀ ਲਗਣਾ ਹੈ, ਦੁਤੀਆ ਭਾਵ ਵਾਲਾ ਕਾਮਨਾ ਅਰਥ ਸਰੇਵਿਆ ਦੁਰਗੰਧੀ ਫਲ ਨਹੀਂ ਲਗਣਾ ।

ਪੰਥ-ਉਨਤੀ ਦੀ ਅੰਧਾ ਧੁੰਦ ਦੌੜ ਅੰਦਰ ਅਸਾਡੇ ਪੰਥ-ਸੇਵਕਾਂ ਦੀ ਸੇਵਾ ਨੂੰ ਇਹੋ ਜਿਹੇ ਫਲ ਅੱਜ-ਕਲ੍ਹ ਲਗਦੇ ਹਨ, ਜੋ ਅੰਗੂਰ ਇਸ ਸੇਵਾ ਦੇ ਫਲਦੇ ਹਨ, ਉਹ ਅੰਮ੍ਰਿਤ ਫਲ ਨਹੀਂ, ਸਗੋਂ ਉਹ ਅੰਮ੍ਰਿਤ ਫਲ ਵਾਲੀ ਅੰਮ੍ਰਿਤ-ਕਲਾ ਤੋਂ ਘੁਥੇ ਅਤੇ ਅੰਮ੍ਰਿਤੀ ਅੰਗੂਰ ਤੋਂ ਘੁਥੇ ਹੋਏ ਹੁੰਦੇ ਹਨ, ਕਿਉਂਕਿ ਨਾਮ ਦਾ ਨਿਰਣਾ-ਬਿਉਹਾਰ ਉਥੇ ਨਹੀਂ ਹੁੰਦਾ । ਜਿਥੇ ਵੇਖੋ, ਹਉਮੈ ਦਾ ਬਾਜ਼ਾਰ ਗਰਮ ਹੈ । ਜਿਥੇ ਦੇਖੋ, ਨਾਮ ਦੀ, ਸਚੇ ਨਾਮ ਦੀ ਕੀਰਤੀ, ਨਾਮ ਦਾ ਜਸ, ਨਾਮ ਦੀ ਮਹਿਮਾ ਦਾ ਸੱਚਾ ਸੌਦਾ ਅਵਲ ਤਾਂ ਹੁੰਦਾ ਹੀ ਨਹੀਂ, ਜੇ ਹੁੰਦਾ ਹੈ ਤਾਂ ਉਹ ਐਵੇਂ ਨਾਮ ਮਾਤ੍ਰ ਅਤੇ ਫੋਕੀ ਰਸਮ ਅਤੇ ਫੈਸ਼ਨ ਪੂਰਬਕ । ਅਸਾਡੇ ਦੀਵਾਨਾਂ ਅੰਦਰ, ਅਖੰਡ ਕੀਰਤਨ ਅਤੇ ਨਾਮ ਜਪਾਵਣ ਤੇ ਨਾਮ ਦ੍ਰਿੜਾਵਣ ਦੇ ਅਨੰਦ ਮੰਗਲ ਵਾਲਾ ਲਾਹਾ ਤਾਂ ਮੂਲੋਂ ਹੀ ਨਹੀਂ । ਅਤੇ ਹੁੰਦਾ ਕੀ ? ਯਾ ਤਾਂ ਕੋਈ ਲੀਡਰੀ ਦਾ ਸਿਰੋਪਾਉ ਲੈ ਕੇ ਆਪਣੀ ਸੋਭਾ ਹਿਤ ਰੰਗ-ਬਰੰਗੇ ਤਾਲ ਪੂਰਦਾ ਹੈ, ਯਾ ਕੋਈ ਲੈਕਚਰਬਾਜ਼ੀ ਕਰ ਕੇ ਆਪਣੀ, ਆਪਣੇ ਨਾਉਂ ਦੀ ਮਹਿਮਾ ਵਧਾਉਂਦਾ ਹੈ । ਇਕ ਅਲਾਹੁਣੀਆਂ ਦਿੰਦਾ ਹੈ, ਦੂਜਾ ਲੈਂਦਾ ਹੈ । ਕੋਈ ਰੁਪਈਆਂ ਦੇ ਰੀਤੇ ਅੰਬਰ ਦੇਸ ਪ੍ਰਦੇਸੀ ਫਿਰ ਕੇ ਭਰਾ ਲਿਆਉਣ ਨੂੰ ਹੀ ਕੁਰਬਾਨੀ ਸਮਝੀ ਬੈਠਾ ਹੈ । ਜਿਥੇ ਦੇਖੋ ਆਪਣੇ ਨਿਜ ਨਾਮ ਦੀ ਸੋਭਾ ਦੀ ਗਾਹਕੀ ਦੇ ਸੌਦੇ ਹੁੰਦੇ ਹਨ । ਏਸ ਨੂੰ ਕੁਰਬਾਨੀ ਕਹਿਣਾ ਹੀ ਕੁਰਬਾਨੀ ਪਦ ਦਾ ਘਾਤ ਕਰਨਾ ਹੈ । ਇਹ ਆਪਾ ਵਾਰਨਾ ਨਹੀਂ, ਆਪਾ ਵਧਾਉਣਾ ਅਤੇ ਆਪੇ ਦਾ ਸਹੇੜਨਾ ਹੈ । ਇਸ ਆਪਾ-ਪ੍ਰਸਤੀ ਹਿਤ ਕਈ ਆਪਾ ਭਾਵ ਦੀ ਉਪਾਸ਼ਨਾ ਅਤੇ ਨਿਜ ਨਾਮ ਦੀ ਮਸ਼ਹੂਰੀ ਦੇ ਲੋਚਕਾਂ ਨੇ ਆਪਣੇ ਧਨ ਧਾਮ ਅਤੇ ਘਰ ਘਾਟ ਨੂੰ ਹੋਮ ਦੇਣੋਂ ਭੀ ਨਹੀਂ ਸੰਕੋਚਿਆ, ਪਰ ਕਿਸ ਲੇਖੇ ? ਨਿਰਾ ਆਪਣਾ ਅਭਿਮਾਨ ਹੀ ਵਧਾਇਆ । ਆਪਣਾ ਮਾਨ ਪ੍ਰਤਿਸ਼ਟਾ ਦੀ ਗਾਹਕੀ ਦਾ ਹੀ ਸੌਦਾ ਕੀਤਾ ।

ਪਰ ਇਹ ਮਾਨ ਪ੍ਰਤਿਸ਼ਟਾ ਦਾ ਚਸਕਾ ਜਿਸ ਨੂੰ ਪੈ ਗਿਆ, ਮਾਨੋ ਉਹ ਨਾਮ ਵਲੋਂ, ਪ੍ਰਮਾਰਥ ਵਲੋਂ, ਪ੍ਰਮਾਰਥ ਦੀ ਉਚ ਅਵਸਥਾ ਵਲੋਂ ਰੁੜ੍ਹ ਗਿਆ । ਅਤੇ ਰੁੜ੍ਹ ਕੇ ਰਸਾਤਲ ਵਿਚ ਪੈ ਗਿਆ । ਏਸ ਮਾਨ ਨੇ ਅਨੇਕਾਂ ਘਰ ਗਾਲੇ ਹਨ, ਅਨੇਕਾਂ ਦਾ ਖੈ ਕੀਤਾ ਹੈ, ਜੈਸਾ ਕਿ ਇਹ ਗੁਰਵਾਕ ਦਸਦਾ ਹੈ :-

**ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ।।੧੫੬।। (ਪੰਨਾ-੧੩੭੨)**

ਪਰ ਸ਼ੋਕ ਕਿ ਹੁਣ ਗੁਰੂ ਘਰ ਵਿਖੇ ਭੀ ਮਾਨ ਹੋਰਾਂ ਨੇ ਡੇਰੇ ਆ ਜਮਾਏ ਹਨ । ਗੁਰੂ ਘਰ ਦੇ ਪ੍ਰੇਮੀ ਅਤੇ ਮੋਹਰੀ ਸਦਾਉਣ ਵਾਲੇ ਏਸ ਮਾਨ ਦਾ ਸ਼ਿਕਾਰ ਹੋ ਰਹੇ ਹਨ, ਜੋ ਨਿਰਾ ਹਉਮੈ ਰੋਗ ਹੈ । ਅਸਲ ਗੱਲ ਇਹ ਹੈ ਕਿ ਮਾਨ ਪ੍ਰਤਿਸ਼ਟਾ ਦੇ ਖਰੀਦਦਾਰ ਗੁਰੂ ਘਰ ਦੇ ਪੋਤੇਦਾਰ ਹੀ ਨਹੀਂ । ਉਨ੍ਹਾਂ ਨੂੰ ਗੁਰੂ ਘਰ ਦੇ ਪਵਿਤਰ ਅਸੂਲਾਂ ਨੇ ਪੋਹਿਆ ਹੀ ਨਹੀਂ, ਕਿਉਂਕਿ ਗੁਰੂ ਘਰ ਦਾ ਪਰਮ ਅਸੂਲ, ਪਰਮ ਧਰਮ ਨਾਮ ਹੀ ਹੈ ਅਤੇ ਮਾਨ ਵਾਲਾ ਸਉਦਾ ਨਾਮ ਤੋਂ ਐਨ ਉਲਟ ਹੈ । ਐਥੋਂ ਤਾਈਂ ਕਿ 'ਮਾਨ' ਅਤੇ 'ਨਾਮ' ਪਦਾ ਦਾ ਹੀ ਪਰਸਪਰ ਵਿਰੋਧ ਹੈ ।

'ਮਾਨ' ਪਦ ਨੂੰ ਉਲਟਾਵੋ ਤਾਂ 'ਨਾਮ' ਪਦ ਬਣਦਾ ਹੈ । 'ਨਾਮ' ਪਦ ਨੂੰ ਉਲਟਾਵੋ ਤਾਂ ' ਮਾਨ' ਬਣਦਾ ਹੈ । **"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ"** ਵਾਲਾ ਗੁਰਵਾਕ ਅੱਖਰ ਅੱਖਰ ਪਰਖੇ ਤੋਂ ਕੇਵਲ ਇਹ ਸਿਧ ਹੁੰਦਾ ਹੈ ਕਿ 'ਮਾਨ' ਅਰਥਾਤ 'ਹਉਮੈਂ' ਅਤੇ 'ਨਾਮ' ਦੋਇ ਇਕ ਠਾਇ ਨਹੀਂ ਵਸ ਸਕਦੇ । ਗੁਰੂ ਘਰ ਦੇ ਸਿੱਖ ਸਦਾ ਕੇ ਭੀ ਮਾਨ, ਅਰਥਾਤ ਹਉਮੈਂ-ਰੰਗ ਵਿਚ ਮਸਤ ਰਹਿਣਾ, ਕੀ ਸਿੱਖੀ ਨੂੰ ਅਤੇ ਗੁਰੂ ਘਰ ਨੂੰ ਕਲੰਕਤ ਕਰਨਾ ਨਹੀਂ ? ਕਿਉਂਕਿ ਸਿੱਖ ਜੋ ਹਨ, ਸੋ ਨਾਮ ਦੇ ਵਪਾਰੀ ਹਨ । ਨਾਮ ਦੇ, ਨਾਮ ਜੈਸੇ ਸਤ ਪਦਾਰਥ ਦੇ ਵਪਾਰੀ ਸਦਾ ਕੇ ਰਹਿਕੇ



www.AKJ.Org

ਦੇ ਹੋਛੇ ਪਦਾਰਥਾਂ ਦਾ ਹੋਛਾ ਵਪਾਰ ਗੁਰਸਿਖਾਂ ਨੂੰ ਕਦੇ ਫਬ ਸਕਦਾ ਹੈ? ਏਸ ਹਉਮੈ ਰੋਗ ਦੀ ਚਮੇੜ ਓਦੋਂ ਤਾਈਂ ਚਿੰਬੜੀ ਹੋਈ ਜਾਣੋ, ਜਦ ਤੀਕ ਹਉਮੈ ਰੋਗ ਦਾ ਅਭਾਵ, ਅਰਥਾਤ ਨਸ਼ਟ ਨਹੀਂ ਹੋ ਜਾਂਦਾ ਅਤੇ ਨਾਮ ਦੀ ਲਿਵਲੀਨਤਾ ਪ੍ਰਾਪਤ ਨਹੀਂ ਹੁੰਦੀ -

**ਜਬ ਇਹ ਜਾਨੈ ਮੈ ਕਿਛੁ ਕਰਤਾ ।। ਤਬ ਲਗੁ ਗਰਭ ਜੋਨਿ ਮਹਿ ਫਿਰਤਾ ।।੪।।੧੨।।**

**(ਗ: ਸੁਖਮਨੀ ਮ: ੫, ਪੰਨਾ ੨੭੮)**

ਪੰਥ ਦੇ ਸਿਰਕਢ ਮੁਖੀਆਂ ਨੂੰ ਜੋ ਲੋਗਾਂ ਵਲੋਂ ਅਲਾਹੁਣੀਆਂ ਮਿਲਦੀਆਂ ਹਨ ਇਹ ਕੇਵਲ ਹਉਮੈ ਦੀਆਂ ਭਵਾਟਣੀਆਂ ਹਨ, ਜੋ ਅੰਤ ਨੂੰ ਰਸਾਤਲ ਵਿਚ ਸਿਟਣ ਵਾਲੀਆਂ ਹਨ । ਇਨ੍ਹਾਂ ਅਲਾਹੁਣੀਆਂ ਮਈ ਵਡਿਆਈਆਂ ਦੇ ਲੈਣ ਦੇਣਹਾਰੀਆਂ ਦੋਹਾਂ ਧਿਰਾਂ ਨੂੰ ਗੁਰੂ ਸਾਹਿਬ ਨੇ ਬਾਉਣੇ ਅਤੇ ਨਿਰਲੱਜ ਕਿਹਾ ਹੈ । ਜੈਸਾ ਕਿ ਇਸ ਗੁਰਵਾਕ ਤੋਂ ਸਿੱਧ ਹੈ । ਯਥਾ ਗੁਰਵਾਕ -

**ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ।।**
**ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ।।੧।।੧੯।। (ਪੰਨਾ–੧੨੮੬)**

ਇਹ ਹੋਛਾ ਮਾਨ ਤਾਂ ਅਗੇ ਹੀ ਹਉ ਹਉਮੈ ਦੇ ਅਫਰੇਵੇਂ ਵਿਚ ਆਫਰਿਆ ਫਿਰਦਾ ਰਹਿੰਦਾ ਹੈ । ਜਦ ਇਸ ਚੂਹੇ ਸਾਰਖੇ ਹਉਮੈ ਦੀ ਬਿਲ (ਖੁਡ) ਵਿਚ ਗਰਭਣ ਵਾਲੇ ਹੋਛੇ ਮਨੁਖ ਦੀ ਹੋਛੀ ਕਰਣੀ ਰੂਪੀ ਪੂਛ ਨੂੰ ਅਣਹੋਈ ਵਡਿਆਈ ਦਾ ਛੱਜ ਬਣ ਗਿਆ, ਤਦ ਤਾਂ ਏਸ ਨੇ ਆਪਣੇ ਆਪ ਵਿਚ ਕਿਥੇ ਮੇਵਣਾ ਹੈ, ਸਗੋਂ ਦੂਣਾ ਫੂਲ ਫੂਲ ਕੇ ਅਫਰੇਵਾਂ ਚੜ੍ਹਾਊ । ਗੁਰਮਤਿ ਵਿਚ ਏਸ ਅਫਰੇਵੇਂ ਨੇ ਸਗੋਂ ਲਹਿਣਾ ਸੀ । ਗੁਰਮਤਿ ਦੇ ਗ੍ਰਹਿਣ ਕੀਤਿਆਂ ਏਸ ਅਫਰੇਵੇਂ ਤੋਂ ਬੰਦ ਖਲਾਸੀ ਹੋਣੀ ਸੀ । ਜ਼ਰਾ ਮਨ ਵਿਚ ਕੰਘੀ ਮਾਰ ਕੇ ਤਾਂ ਵੇਖੋ, ਜ਼ਰਾ ਆਪੋ ਆਪਣੇ ਮੰਜੇ ਹੇਠ ਲਾਠੀ ਫੇਰ ਕੇ ਤਾਂ ਵੇਖੋ ਕਿ ਇਸ ਅਫਰੇਵੇਂ ਤੋਂ ਅਗੇ ਨਾਲੋਂ ਕੁਝ ਸੁਬੇਹਤਾ ਭੀ ਹੋਇਆ ਹੈ ਕਿ ਰੋਜ਼ ਰੋਜ਼ ਇਹ ਅਸਾਧ ਰੋਗ ਵਧਦਾ ਹੀ ਜਾਂਦਾ ਹੈ ? ਜੇ ਕੁਝ ਸੁਬੇਹਤਾ ਨਹੀਂ ਹੋਇਆ ਅਤੇ ਅਗੇ ਨਾਲੋਂ ਸਗੋਂ ਔਖਧ-ਹੀਨ ਹਾਲ ਹੁੰਦਾ ਜਾਂਦਾ ਹੈ ਤਾਂ ਸਮਝ ਲਵੋ ਕਿ ਨਾਮ ਦੀ ਪੁੜੀ ਅੰਦਰ ਨਹੀਂ ਲੰਘੀ । ਕੇਵਲ ਕੁਰਲੀਆਂ ਕਰਨ ਨਾਲ ਰੋਗ ਕਿਕੂੰ ਜਾਵੇ ? ਇਹ ਪੁੜੀ ਅੰਦਰ ਲੰਘੇ ਕਿਕੂੰ, ਜਦ ਕਿ ਆਪਣੀ ਉਪਮਾ ਕਰਾਉਣ ਦੇ ਸੁਆਦ ਪਏ ਹੋਏ ਹੋਣ ਅਤੇ ਨਾਮ-ਰਸ ਨੂੰ ਚਖਣਾ ਅਲੂਣੀ ਸਿੱਲ ਦਾ ਚੱਟਣਾ, ਅਥਵਾ ਬਿਰਥੀ ਕਾਰ ਭਾਸਦਾ ਹੈ । ਇਸ ਅਲੂਣੀ ਸਿਲ ਚੱਟੀ ਦਾ ਸੁਆਦ ਬਿਖੇ ਰਸਾਂ ਦੇ ਛੱਡੇ ਬਿਨਾਂ ਆਉਣਾ ਨਾ ਹੋਇਆ । ਤਾਂ ਤੇ ਹਉਮੈ ਰੋਗ ਦੇ ਮਾਤਰ ਪ੍ਰਗਸ਼ਾ ਦੀ ਹਉਮੈ ਦਾ ਇਲਾਜ, ਹਉਮੈ ਦੇ ਛਡਣ ਵਿਚ ਅਤੇ ਹਉਮੈ ਰਹਿਤ ਹੋ ਕੇ ਨਾਮ ਦੇ ਗਟਾਕ ਰਸ ਭੁੰਚਣ ਵਿਚ ਹੈ, ਐਵੇਂ ਨਹੀਂ, ਕਿਉਂਕਿ -

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ।।**
**ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ।।੧।।੯।। (ਪੰਨਾ–੫੬੦)**

(ਭਾ: ਸ: ਰਣਧੀਰ ਸਿੰਘ ਜੀ ਲਿਖਤ ਟ੍ਰੈਕਟ ਵਿਚੋਂ)

## ਭਾਈ ਸਾਹਿਬ ਰਣਧੀਰ ਸਿੰਘ ਜੀ ਨਿਤਨੇਮ ਉਤਸ਼ਾਹਤ ਸਕੀਮ

ਹਰ ਸਾਲ ਵਾਂਗ ਉਪਰੋਕਤ ਸਕੀਮ ਅਧੀਨ ਦਿੱਲੀ ਵਿਖੇ ਦੁਸਹਿਰੇ ਦੇ ਦਿਨਾਂ ਦੇ ਕੀਰਤਨ ਸਮਾਗਮ ਵਿੱਚ ਸਕੂਲੀ ਅਤੇ ਕਾਲਜ ਦੇ ਅੰਮ੍ਰਿਤਧਾਰੀ ਬੱਚੇ, ਬੱਚੀਆਂ ਦੀ ਪ੍ਰੀਖਿਆ ਹੋਵੇਗੀ । ਪ੍ਰੀਖਿਆ ਵਿੱਚ ਸ਼ਾਮਲ ਹੋਣ ਲਈ ਲੋੜੀਦੇ ਫਾਰਮ ਸਕੱਤਰ, ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ 23-G, ਸਰਾਭਾ ਨਗਰ, ਲੁਧਿਆਣਾ-141001 ਦੇ ਪਤੇ ਤੋਂ ਮੰਗਵਾ ਕੇ ਅਤੇ ਠੀਕ ਢੰਗ ਨਾਲ ਭਰਕੇ ਉਸੇ ਪਤੇ ਤੇ 30 ਸਤੰਬਰ ੧੯੯੪ ਤੱਕ ਭੇਜ ਦਿਤੇ ਜਾਣ ।

ਖਾਲਸਾ ਜੀ ਦਾ ਸੇਵਕ
ਜਥੇਦਾਰ ਅਖੰਡ ਕੀਰਤਨੀ ਜਥਾ

www.AKJ.Org

# ਇਕ ਇਤਿਹਾਸਕ ਪੰਥਕ ਫੈਸਲਾ

ਇਕ ਸਿੱਖ ਵਿਦਵਾਨ ਸ: ਪਿਸ਼ੌਰਾ ਸਿੰਘ ਨੇ ਟ੍ਰਾਂਟੋ ਯੂਨੀਵਰਸਿਟੀ ਤੋਂ ਪੀ. ਐਚ ਡੀ. ਦੀ ਡਿਗਰੀ ਪ੍ਰਾਪਤ ਕਰਨ ਲਈ ਆਪਣਾ ਥੀਸਿਸ "ਦੀ ਟੈਕਸਟ ਐਂਡ ਮੀਨਿੰਗ ਆਫ਼ ਆਦਿ ਗ੍ਰੰਥ" ਲਿਖਿਆ, ਜਿਸ ਦੇ ਅਧਾਰ ਤੇ ਉਸ ਨੂੰ ਯੂਨੀਵਰਸਿਟੀ ਤੋਂ ਡਿਗਰੀ ਮਿਲ ਗਈ ।

ਜਦੋਂ ਇਹ ਥੀਸਿਸ ਸਿੱਖ ਵਿਦਵਾਨਾਂ ਦੇ ਨੋਟਿਸ ਵਿਚ ਆਇਆ ਤਾਂ ਉਹਨਾਂ ਵਲੋਂ ਘੋਖਣ ਤੇ ਪਤਾ ਲਗਾ ਕਿ ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਨੂੰ ਧੁੰਧਲਾਉਣ ਦੇ ਤੱਥ ਸ਼ਾਮਲ ਹਨ । ਮਸਲਾ ਪੰਥਕ ਪੱਧਰ ਤੇ ਵਿਚਾਰਿਆ ਗਿਆ । ਸਿੱਖ ਵਿਦਵਾਨਾਂ ਦੀ ਰਿਪੋਰਟ ਦੇ ਅਧਾਰ ਤੇ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਸਪੁਰਦ ਕੀਤਾ ਗਿਆ, ਜਿਸ ਦੇ ਫਲਸਰੂਪ ਡਾ: ਪਿਸ਼ੌਰਾ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕੀਤਾ ਗਿਆ ।

ਸ੍ਰੀ ਅਕਾਲ ਤਖਤ ਸਾਹਿਬ ਵਲੋਂ ਉਸ ਵਿਰੁਧ ਬਣਦਾ ਦੋਸ਼-ਪੱਤਰ ਡਾ: ਪਿਸ਼ੌਰਾ ਸਿੰਘ ਨੂੰ ਦਿਤਾ ਗਿਆ । ਉਸ ਨੇ ਪੰਜ ਦੇ ਪੰਜ ਦੋਸ਼ ਪ੍ਰਵਾਨ ਕਰ ਲਏ ਅਤੇ ਇਸ ਵਲੋਂ ਲਿਖਤੀ ਤੌਰ ਤੇ ਖਾਲਸਾ ਪੰਥ ਪਾਸੋਂ ਮੁਆਫੀ ਮੰਗੀ । ਡਾ: ਪਿਸ਼ੌਰਾ ਸਿੰਘ ਦੇ ਵਿਰੁਧ ਜਾਰੀ ਕੀਤੇ ਗਏ ਦੋਸ਼ ਪੱਤਰ, ਉਸ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਦਿਤੇ ਲਿਖਤੀ ਮੁਆਫੀ ਨਾਮੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਇਸ ਸਬੰਧੀ ਜਾਰੀ ਕੀਤੇ ਗਏ ਹੁਕਮ-ਨਾਮੇ ਨੂੰ ਪਾਠਕਾਂ ਦੀ ਗਿਆਤ ਹਿਤ ਹੂ-ਬ-ਹੂ ਛਾਪਿਆ ਜਾ ਰਿਹਾ ਹੈ ।

ਸੰਪਾਦਕ

## ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਕੀਤਾ ਹੁਕਮਨਾਮਾ

ਡਾ: ਪਿਸ਼ੌਰਾ ਸਿੰਘ,

ਤੁਸੀਂ ਆਪਣੇ ਵਿਵਾਦ-ਗ੍ਰਸਤ ਥੀਸਿਸ "ਦੀ ਟੈਕਸਟ ਐਂਡ ਮੀਨਿੰਗ ਆਫ ਆਦਿ ਗ੍ਰੰਥ" ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਅਨੁਸਾਰ ਮਿਤੀ ੨੫ ਜੂਨ ਨੂੰ ਤਖਤ ਸਾਹਿਬ ਵਿਖੇ ਪੇਸ਼ ਹੋਏ । ਸਿੱਖ ਵਿਦਵਾਨਾਂ ਦੀ ਸੰਗਤ ਰੂਪ ਹਾਜ਼ਰੀ ਵਿਚ ਲੰਬੀ ਵਿਚਾਰ ਉਪਰੰਤ ਤੁਸੀਂ ਮਨ, ਬਚਨ, ਕਰਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਬੰਧੀ ਆਪਣੇ ਥੀਸਿਸ ਵਿਚ ਕੀਤੀਆਂ ਗਈਆਂ ਗਲਤ ਬਿਆਨੀਆਂ ਜਿਹੜੀਆਂ ਤੁਹਾਨੂੰ ੫ ਦੋਸ਼ਾਂ ਦੇ ਰੂਪ ਵਿਚ ਲਿਖਤੀ ਤੌਰ ਤੇ ਦਿੱਤੀਆਂ ਗਈਆ, ਨੂੰ ਲਿਖਤੀ ਰੂਪ ਵਿਚ ਸਵੀਕਾਰ ਕੀਤਾ ਹੈ । ਇਸ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਦੇ ਹਰ ਹੁਕਮ ਅਗੇ ਸਿਰ ਝੁਕਾਉਣ ਦਾ ਵੀ ਲਿਖਤੀ ਪ੍ਰਣ ਕੀਤਾ ਹੈ ।

ਤੁਹਾਡੇ ਵਲੋਂ ਲਿਖੇ ਥੀਸਿਸ ਵਿਚ ਦਿਤੇ ਵਿਚਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਜਾਗਤ ਜੋਤ ਸਤਿਗੁਰੂ ਮੰਨਣ ਵਾਲਿਆਂ ਦੇ ਸਿੱਖ ਹਿਰਦਿਆਂ ਨੂੰ ਅਤਿਅੰਤ ਠੇਸ ਪਹੁੰਚਾਈ, ਜਿਸਦਾ ਪ੍ਰਗਟਾਵਾ ਦੇਸ਼ ਵਿਦੇਸ਼ ਵਿਚ ਵਸਦੇ ਸਿੱਖਾਂ ਦੀਆਂ ਵੱਡੀ ਗਿਣਤੀ ਵਿਚ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪਤ੍ਰਕਾਵਾਂ, ਸੰਦੇਸ਼ਿਆਂ ਅਤੇ ਪੁਸਤਕਾਂ ਰਾਹੀਂ, ਪਿਛਲੇ ਲਗਭਗ ਡੇਢ ਦੋ ਸਾਲ ਤੋਂ ਹੁੰਦਾ ਰਿਹਾ ਹੈ । ਸਿਖ ਸੰਗਤ ਦੀਆਂ ਇਨ੍ਹਾਂ ਸੁੱਚੀਆਂ ਅਤੇ ਗੁਰੂ-ਪਿਆਰ ਵਾਲੀਆਂ ਭਾਵਨਾਵਾਂ ਦੀ ਸਦਾ ਹੀ ਸ੍ਰੀ ਅਕਾਲ ਤਖਤ ਸਾਹਿਬ ਰਾਹੀਂ ਤਰਜਮਾਨੀ ਹੁੰਦੀ ਰਹੀ ਹੈ ।

www.AKJ.Org

ਇਕ ਸਿੱਖ ਵਿਦਵਾਨ ਹੋਣ ਦੇ ਨਾਤੇ ਤੁਹਾਡੇ ਕੋਲੋਂ ਇਹ ਉਮੀਦ ਕੀਤੀ ਜਾਂਦੀ ਸੀ ਕਿ ਤੁਸੀਂ ਪੂਰਨ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਨੂੰ ਸਮਰਪਤ ਹੋ ਕੇ ਸਰਬਤ ਦੇ ਭਲੇ ਲਈ ਲਿਖਤਾਂ ਲਿਖਦੇ, ਪਰੰਤੂ ਹੋਇਆ ਇਸ ਦੇ ਉਲਟ ਹੀ । ਇਸ ਸਾਰੀ ਪੰਥਕ ਸਥਿਤੀ ਨੂੰ ਸਨਮੁਖ ਰਖਦਿਆਂ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਤੁਹਾਡੇ ਲਈ ਹੇਠ ਲਿਖੇ ਆਦੇਸ਼ ਜਾਰੀ ਕੀਤੀ ਜਾਂਦੇ ਹਨ :

੧. ਇਸ ਵਿਵਾਦ-ਗ੍ਰਸਤ ਥੀਸਿਸ ਨੂੰ ਇਸ ਰੂਪ ਵਿਚ ਆਪ ਨਹੀਂ ਛਾਪੋਗੇ, ਨਾ ਹੀ ਕਿਸੇ ਨੂੰ ਛਪਵਾਉਣ ਦੀ ਇਜਾਜ਼ਤ ਦਿਉਗੇ ।

੨. ਸਿੱਖ ਵਿਦਵਾਨਾਂ ਵਲੋਂ ਇਸ ਥੀਸਿਸ ਵਿਚ ਜੋ ਦੋਸ਼ ਦਸੇ ਗਏ ਅਤੇ ਤੁਹਾਨੂੰ ਲਿਖਤੀ ਰੂਪ ਵਿਚ ਦਿਤੇ ਗਏ ਹਨ ਅਤੇ ਜਿਨ੍ਹਾਂ ਨੂੰ ਤੁਸੀਂ ਲਿਖਤੀ ਰੂਪ ਵਿਚ ਸਵੀਕਾਰ ਕੀਤਾ ਹੈ, ਉਨ੍ਹਾਂ ਨੂੰ ਸਿਧਾਂਤ ਸ਼ਬਦਾਵਲੀ ਜਾਂ ਪੇਸ਼ਕਾਰੀ ਦੇ ਪਖੋਂ, ਇਸ ਥੀਸਿਸ ਵਿਚ ਜਿਥੇ ਜਿਥੇ ਵੀ ਅੰਕਿਤ ਹਨ, ਉਨ੍ਹਾਂ ਨੂੰ ਪੂਰਨ ਭਾਂਤ ਨੇਕ ਨੀਤੀ ਨਾਲ ਕਢੋਗੇ ਅਤੇ ਜੇ ਥੀਸਿਸ ਨੂੰ ਭਵਿਖ ਵਿਚ ਛਪਵਾਉਣਾ ਹੈ ਤਾਂ ਇਹ ਸਿੱਖ ਕੌਮ ਦੀਆਂ ਗੁਰਮਤਿ ਅਨੁਸਾਰੀ ਭਾਵਨਾਵਾਂ ਨੂੰ ਸਨਮੁਖ ਰੱਖਦੇ ਹੋਏ, ਉਸ ਅਨੁਸਾਰ ਹੀ ਛਪਵਾਉਗੇ ।

੩. ਪਿਛਲੇ ਸਮੇਂ ਵਿਚ ਤੁਸੀਂ ਜੋ ਲੇਖ ਜਾਂ ਰਚਨਾਵਾਂ ਇਨਾਂ ਹੀ ਲੀਹਾਂ ਤੇ ਲਿਖੀਆਂ ਹਨ, ਜਿਸਦਾ ਦਰਦਾ ਵਿਦਵਾਨਾਂ ਵਿਚ ਹੋ ਚੁੱਕਾ ਹੈ, ਉਨ੍ਹਾਂ ਨੂੰ ਤੁਸੀਂ ਗੁਰੂ ਪੰਥ ਦੀਆਂ ਭਾਵਨਾਵਾਂ ਨੂੰ ਸਾਹਮਣੇ ਰੱਖਦੇ ਹੋਏ ਨਹੀਂ ਛਪਵਾਉਗੇ । ਭਵਿੱਖ ਵਿਚ ਵੀ ਇਸ ਤਰ੍ਹਾਂ ਦੀਆਂ ਲਿਖਤਾਂ ਦੀ ਬਜਾਏ ਗੁਰੂ ਪੰਥ ਦੀ ਚੜ੍ਹਦੀ ਕਲਾ ਅਤੇ ਸਰਬਤ ਦੇ ਭਲੇ ਦੀ ਭਾਵਨਾ ਨੂੰ ਸਨਮੁਖ ਰੱਖਕੇ ਗੁਰਬਾਣੀ ਅਤੇ ਗੁਰੂ ਇਤਿਹਾਸ ਦੀ ਖੋਜ ਕਰਦਿਆਂ ਹੋਇਆਂ, ਜਾਗਤ-ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਦੀਆਂ ਅਸੀਸਾਂ ਦੇ ਪਾਤਰ ਬਣੋਗੇ ।

ਤੁਹਾਡੇ ਥੀਸਿਸ ਵਿਚਲੇ ਦੋਸ਼ਾਂ ਨੂੰ ਸਨਮੁੱਖ ਰੱਖਦੇ ਹੋਏ ਤੁਹਾਨੂੰ ਹੇਠ ਲਿਖੇ ਅਨੁਸਾਰ ਤਨਖਾਹ ਲਾਈ ਜਾਂਦੀ ਹੈ :-

੧. ਗੁਰੂ ਪਾਤਿਸ਼ਾਹ ਦੇ ਦਰ ਤੋਂ ਬਿਬੇਕ ਬੁਧੀ ਦੀ ਪ੍ਰਾਪਤੀ ਵਾਸਤੇ ਸ੍ਰੀ ਦਰਬਾਰ ਸਾਹਿਬ ਵਿਖੇ ਮਿਤੀ ੨੭ ਅਤੇ ੨੮ ਜੂਨ ਨੂੰ ਇਕ ਇਕ ਘੰਟਾ ਕੀਰਤਨ ਸਰਵਨ ਕਰਨਾ ਹੈ ।

੨. ਇਕ ਇਕ ਘੰਟਾ ਇਨ੍ਹਾਂ ਹੀ ਦਿਨਾਂ ਵਿਚ ਆਪਣੇ ਨਿਤਨੇਮ ਤੋਂ ਇਲਾਵਾ ਪੰਜ ਪਾਠ ਸ੍ਰੀ ਜਪੁਜੀ ਸਾਹਿਬ ਦੇ ਕਰਨੇ ਹਨ ।

੩. ਇਨ੍ਹਾਂ ਹੀ ਦਿਨਾਂ ਵਿਚ ਗੁਰੂ ਸੰਗਤ ਦੀ ਅਸੀਸ ਪ੍ਰਾਪਤੀ ਲਈ ਬਾਅਦ ਦੁਪਹਿਰ ਸਿੱਖ ਸੰਗਤਾਂ ਨਾਲ ਰਲਕੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਇਸ਼ਨਾਨ ਦੀ ਸੇਵਾ ਕਰਨੀ ਹੈ ।

੪. ਅਮਰੀਕਾ ਵਿਖੇ, ਜਿਥੇ ਤੁਹਾਡਾ ਨਿਵਾਸ ਹੈ, ਉਥੇ ਦੇ ਗੁਰਦੁਆਰਾ ਸਾਹਿਬ ਵਿਖੇ ਹਾਜ਼ਰ ਹੋ ਕੇ ਪੰਜ ਐਤਵਾਰ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਕਰਨੀ ਹੈ । ਇਕ ਇਕ ਘੰਟਾ ਗੁਰਬਾਣੀ ਦਾ ਕੀਰਤਨ ਸਰਵਣ ਕਰਨਾ ਹੈ । ਸ੍ਰੀ ਜਪੁਜੀ ਸਾਹਿਬ ਦੇ ਪੰਜ ਪਾਠ ਨਿਤਨੇਮ ਤੋਂ ਇਲਾਵਾ ਇਨ੍ਹਾਂ ਦਿਨਾਂ ਵਿਚ ਕਰਨੇ ਹਨ ।

ਉਪਰੰਤ ਸਥਾਨਕ ਸੰਗਤ ਵਿਚ ਹਾਜ਼ਰ ਹੋ ਕੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬ ਪਾਸੋਂ ਖਿਮਾ ਜਾਚਨਾ ਦੀ ਅਰਦਾਸ ਕਰਵਾਉਣੀ ।

ਦਸਤਖ਼ਤ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ

ਦਸਤਖ਼ਤ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

ਦਸਤਖਤ ਗ੍ਰੰਥੀ ਸ੍ਰੀ ਹਰਮੰਦਿਰ ਸਾਹਿਬ

ਦਸਤਖ਼ਤ ਹੈਡ ਗ੍ਰੰਥੀ ਸ੍ਰੀ ਹਰਮੰਦਿਰ ਸਾਹਿਬ

ਦਸਤਖ਼ਤ ਹੈਡ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ

www.AKJ.Org

# ਡਾ: ਪਿਸ਼ੌਰਾ ਸਿੰਘ ਵਲੋਂ ਲਿਖਤੀ ਮੁਆਫ਼ੀ ਨਾਮਾ

ਪੰਜ ਸਿੰਘ ਸਾਹਿਬਾਨ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਸਾਹਿਬ।।

ਸ੍ਰੀ ਮਾਨ ਜੀਉ,

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ।।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੁਜਬ ਦਾਸ ਤਖ਼ਤ ਸਾਹਿਬ ਤੇ ਹਾਜ਼ਰ ਹੋ ਕੇ ਆਪਣੇ ਥੀਸਿਸ (The Text and Meaning of the Adi Granth ) ਸੰਬੰਧੀ ਸਿੱਖ ਵਿਦਵਾਨਾਂ ਦੀ ਮੌਜੂਦਗੀ ਵਿਚ ਸੁਣਾਏ ਗਏ ਅਤੇ ਲਿਖਤੀ ਰੂਪ ਵਿਚ ਦਿਤੇ ਗਏ ਪੰਜ ਦੋਸ਼ ਸਵੀਕਾਰ ਕਰਦਾ ਹੈ। ਥੀਸਿਸ ਵਿਚ ਮੇਰੇ ਵਲੋਂ ਜੋ ਇਤਰਾਜ਼-ਯੋਗ ਧਾਰਨਾਵਾਂ ਪ੍ਰਗਟਾਈਆਂ ਗਈਆਂ ਹਨ, ਉਨ੍ਹਾਂ ਨੂੰ ਮੈਂ ਮਨ-ਬਚਨ-ਕਰਮ ਕਰਕੇ ਸਵੀਕਾਰ ਕਰਦਾ ਹੋਇਆ, ਰੱਦ ਕਰਦਾ ਹਾਂ। ਥੀਸਿਸ ਵਿਚ ਮੇਰੇ ਵਲੋਂ ਕਢੇ ਗਏ ਨਿਰਣਿਆ ਨਾਲ ਸਿੱਖ ਪੰਥ ਨੂੰ ਜੋ ਮਾਨਸਿਕ ਸੰਤਾਪ ਭੋਗਣਾ ਪਿਆ ਹੈ ਉਸ ਲਈ ਮੈਂ ਪੰਥ ਤੋਂ ਮੁਆਫੀ ਦੀ ਜਾਚਨਾ ਕਰਦਾ ਹਾਂ। ਅਗੋ ਤੋਂ ਪੰਥ ਦਾ ਨਿਮਾਣਾ ਸੇਵਕ ਹੋ ਕੇ ਸੇਵਾ ਕਰਣ ਦਾ ਪ੍ਰਣ ਲੈਂਦਾ ਹਾਂ ! ਸ੍ਰੀ ਅਕਾਲ ਤਖਤ ਤੋਂ ਸਿੰਘ ਸਾਹਿਬਾਨ ਵਲੋਂ ਜੋ ਫੈਸਲਾ ਸੁਣਾਇਆ ਜਾਵੇਗਾ, ਉਸ ਨੂੰ ਖਿੜੇ ਮਥੇ ਸਵੀਕਾਰ ਕਰਦਾ ਹਾਂ।

ਹਸਤਾਖਰ (ਪਸ਼ੌਰਾ ਸਿੰਘ, ਮਿਤੀ ੨੫.੬.੯੪)

## ਦੋਸ਼ ਪੱਤਰ

ਥੱਲੇ ਦਿੱਤੀ ਸਮੱਗਰੀ ਦਾ ਲਿਖਤ-ਕ੍ਰਮ ਇਸ ਪ੍ਰਕਾਰ ਹੈ-

### ੳ) ਦੋਸ਼– ਪੱਤਰ ਨ: ੧ ਤੋਂ ੪ ਤੱਕ–

ਅਰੰਭ ਵਿਚ ਕਿਸੇ ਵਿਸ਼ੇਸ਼ ਵਿਸ਼ੇ ਸੰਬੰਧੀ ਥੀਸਿਸ ਵਿਚਲੇ ਇਤਰਾਜ਼ ਯੋਗ ਤੱਥਾਂ ਦਾ ਉਲਥਾ ਹਵਾਲਿਆਂ ਸਹਿਤ ਦਿੱਤਾ ਹੋਇਆ ਹੈ। ਥੀਸਿਸ ਦੇ ਸਫ਼ੇ-ਵਾਰ ਤਥਾਂ ਦੇ ਉਲੱਥੇ ਅਤੇ ਦੋਸ਼ -ਪੱਤਰ ਦੇ ਪੈਰਿਆਂ ਨੂੰ ਵਖਰਾ ਵਖਰਾ ਕੋਡ - ਨੰਬਰ ਦਿੱਤਾ ਹੋਇਆ ਹੈ। ਕੋਡ ਨੰਬਰ ਦਾ ਵੇਰਵਾ ਇਸ ਪ੍ਰਕਾਰ ਹੈ-

੧–ਥ.ਤ.–੧ (ਦੋਸ਼ ਪੱਤਰ ਨੰ. ੧ ਨਾਲ ਸੰਬੰਧਤ ਥੀਸਿਸ ਵਿਚਲੇ ਤੱਥ ਦਾ ਪੈਰਾ ਨੰਬਰ )

੧–ਦ.ਪ.–੧ (ਦੋਸ਼ ਪੱਤਰ ਨਾਲ ਸੰਬੰਧਤ ਪੈਰਾ ਨੰਬਰ )

### ਅ) ਦੋਸ਼ ਪੱਤਰ ਨੰਬਰ ੫–

ਅਰੰਭ ਵਿਚ ਦੋਸ਼ - ਪੱਤਰ ਹੈ ਅਤੇ ਉਸ ਦੇ ਥੱਲੇ ਥੀਸਿਸ ਵਿਚਲੇ ਇਤਰਾਜ਼ ਯੋਗ ਤੱਥਾਂ ਦਾ ਸਫ਼ੇ-ਵਾਰ ਉਲੱਥਾ ਦਿੱਤਾ ਹੋਇਆ ਹੈ।

ਟ੍ਰਾਂਟੋ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕਰਨ ਦੇ ਲਾਲਚ ਅਧੀਨ ਸਿੱਖ ਧਰਮ ਦੇ ਵਿਰੋਧੀ ਗੁਰੂ-ਦੋਖੀਆ ਦੇ ਰਾਹੇ ਚੜ੍ਹ ਕੇ ਥੋਥੀ ਕਪੋਲ ਕਲਪਨਾ ਦੇ ਅਧਾਰ ਤੇ ਕਈ ਨਿਰਮੂਲ ਅਤੇ ਬੇਥਵੀਆਂ ਗਲਾਂ ਲਿਖ ਕੇ ਗੁਰੂ ਅਵੱਗਿਆ ਕੀਤੀ ਹੈ। ਉਸ ਦੇ ਥੀਸਿਸ ਵਿਚਲੇ ਕੁਝ ਮਨ-ਘੜਤ ਅਤੇ ਨਿਰਮੂਲ ਤੱਥ ਉਸ ਦੇ ਵਿਰੁੱਧ ਹੇਠ ਲਿਖੇ ਦੋਸ਼ ਪੜੇ ਕਰਦੇ ਹਨ :-

www.AKJ.Org

# ਦੋਸ਼ ਪੱਤਰ ਨੰ: ੧ ਨਾਲ ਸੰਬੰਧਤ ਥੀਸਿਸ ਵਿਚਲੇ ਇਤਰਾਜ਼ ਯੋਗ ਤੱਥ

**੧–ਥ.ਤ.–੧.**

( ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੇ ਸਿਲਸਿਲੇ ਵਿਚ) ਫਿਰ ਇਕ ਦੁਰਲਭ ਹਥ-ਲਿਖਤ (ਗੁਰੂ ਨਾਨਕ ਦੇਵ ਯੂਨੀਵਰਸਿਟੀ ਐਮ. ਐਸ. ੧੨੪੫) ਆਉਂਦੀ ਹੈ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਸੁੱਰਖਿਅਤ ਕੀਤੀ ਗਈ ਹੈ। ਇਹ ਉਨ੍ਹਾਂ ਬਹੁਤੇ ਖਰੜਿਆਂ ਵਿਚੋਂ ਇਕ ਸਮਝੀ ਜਾ ਸਕਦੀ ਹੈ ਜਿਨ੍ਹਾਂ ਉਤੇ (ਸ੍ਰੀ) ਗੁਰੂ ਅਰਜਨ (ਦੇਵ ਜੀ) ਨੇ ਆਦਿ ਗ੍ਰੰਥ ਦਾ ਅੰਤਮ ਖਰੜਾ ਤਿਆਰ ਕਰਨ ਲਈ ਕੰਮ ਕੀਤਾ ਜਾਪਦਾ ਹੈ । (ਪੰਨਾ-੨੪)

**੧–ਥ.ਤ–੨.**

ਫਿਰ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਸ ਹਥ-ਲਿਖਤ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਐਮ ਐਸ ੧੨੪੫) ਵਿਚ ਸ਼ਬਦ ਸਜਾਵਟ ਵਾਲੇ ਪੰਨਾ ੩ ਉਤੇ ਬਾਬਾ ਬੁੱਢਾ ਜੀ ਦਾ ਹਥ-ਲਿਖਤ ਹੈ ਜਿਸ ਤੋਂ ਉਸ ( ਬਾਬਾ ਬੁੱਢਾ ਜੀ) ਦਾ ਬੀੜ ਦੀ ਤਿਆਰੀ ਵਿਚ ਸ਼ਾਮਲ ਹੋਣਾ ਪ੍ਰਤੀਤ ਹੁੰਦਾ ਹੈ। ਬਹੁਤ ਮੁਮਕਿਨ ਹੈ ਕਿ ਉਸ ( ਬਾਬਾ ਬੁੱਢਾ ਜੀ ) ਦੇ ਉਤਰ -ਅਧਿਕਾਰੀਆਂ ਨੇ ਇਹ ਹਥ- ਲਿਖਤ ਆਉਂਦੀ ਪੀੜੀ ਨੂੰ ਦੇਣ ਲਈ ਸਾਂਭ ਰਖੀ ਹੋਵੇ। ਇਸ ਤੋਂ ਅਗੇ ਹਥ-ਲਿਖਤ ਦੇ ਪੰਨਾਂ ਨੰ: ੧੫੫-ੲੇ ਉਤੇ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਜੋਤੀ ਜੋਤ ਸਮਾਉਣ ਦੀਆਂ ਤਿਥਾਂ ਅੰਕਿਤ ਹਨ, ਜਿਨ੍ਹਾਂ ਵਿਚ ਅਖੀਰਲੀ ਮਗਰੋਂ ਜਾ ਕੇ ਉਸੇ ਲਿਖਾਰੀ ਵਲੋਂ ਲਿਖੀ ਗਈ। (ਥੀਸਿਸ ਪੰਨਾ-੨੮) ਫੁਟ ਨੋਟ ਪੰਨਾ ੨੭-

**੧. ਥ.ਤ–੩.**

ਗੁਰਮੁਖਿ ਸੇਵਹ ਸਦਾ ਸਾਚਾ ਅਨਦਿਨ ਸਹਜਿ ਪਿਆਰ। ਸਦਾ ਅਨੰਦਿ ਗਾਵਹਿ ਗੁਣ ਸਾਚੇ ਅਰਧਿ ਉਰਧਿ ਉਰਿਧਾਰਿ। ਅੰਤਰਿ ਪ੍ਰੀਤਮ ਵਸਿਆ ਸਾਚਾ ਧੁਰਿ ਕਰਮੁ ਲਿਖਿਆ ਕਰਤਾਰਿ। ਨਾਨਕ ਆਪਿ ਮਿਲਾਇਆ ਆਪੇ ਕਿਰਪਾ ਧਾਰਿ।

ਉਪਰੋਕਤ ਸ਼ਬਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹਥ-ਲਿਖਤ ਨੰ: ੧੨੪੫ ਦੇ ਸਜਾਏ ਹੋਏ ਪੰਨਾ ੩ ਉਤੇ ਦਰਜ ਹੈ, ਜਿਸ ਬਾਰੇ ਯਕੀਨ ਕੀਤਾ ਜਾਂਦਾ ਹੈ ਕਿ ਇਹ ਬਾਬਾ ਬੁਢਾ ਜੀ ਦੀ ਲਿਖਤ ਹੈ।

ਇਸ ਸ਼ਬਦ ਦੇ ਬਾਬਾ ਬੁਢਾ ਦੀ ਲਿਖਤ ਹੋਣਾ ਖਾਨਦਾਨੀ ਮਨੌਤ ਤੇ ਅਧਾਰਤ ਹੈ। ਦੇਖੋ ਹਰਭਜਨ ਸਿੰਘ, ਹਰਚਰਨ ਸਿੰਘ ਚਾਵਲਾ ਵਲੋਂ ਹਥ- ਲਿਖਤ ਉਤੇ ਦਿਤਾ ਨੋਟ ।

**੧. ਥ.ਤ–੪.**

ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਸੰਬੰਧੀ ਲੰਮਾਂ ਚੌੜਾ ਸ਼ਰਧਾਤਮਿਕ ਵਰਨਣ ਸ਼ਾਇਦ ਸੰਕੇਤ ਕਰੇ ਕਿ ਲਿਖਾਰੀ ਤੀਜੇ ਗੁਰੂ ਦਾ ਨੇੜਲਾ ਸਹਿਕਾਰੀ ਸੀ, ਜੋ ਕਿ ਸੰਭਵ ਹੈ ਭਾਈ ਗੁਰਦਾਸ ਹੋਵੇ, ਜਿਸ ਨੇ ਅਗੇ ਜਾ ਕੇ ਆਪਣੀ ਲਿਖਣ ਸ਼ੈਲੀ ਨੂੰ ਉਸ ਸਮੇਂ ਤਕ ਸੁਧਾਰ ਲਿਆ ਹੋਵੇ ਜਦੋਂ ਉਸ ਨੇ ਆਦਿ ਗ੍ਰੰਥ ਦਾ ਅੰਤਮ ਖਰੜਾ ਲਿਖਿਆ ਹੋਵੇ। (ਪੰਨਾ-੨੮)

**੧. ਥ. ਤ–੫**

ਇਸ ਹਥ-ਲਿਖਤ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਐਮ ਐਸ ੧੨੪੫) ਦੇ ਅਰੰਭ ਵਿਚ ਲਿਖੇ ਪ੍ਰੀਚੇ ਕਰਾਉਣ ਵਾਲੇ ਨੋਟ ਵਿਚ ਇਹ ਦਾਅਵਾ ਕੀਤਾ ਗਿਆ ਹੈ। ਇਸ ਦੇ ਚੌਥੇ ਪਤਰੇ ਤੇ ਗੁਰੂ ਹਰਿਗੋਬਿੰਦ ਜੀ ਦੇ ਦਸਤੇ ਮੁਬਾਰਕ ਨਾਲ ਨੀਸ਼ਾਨ ਮੰਗਲਾਚਰਣ ਹੈ(ਹਵਾਲਾ ਹਰਭਜਨ ਸਿੰਘ ਹਰਚਰਨ ਸਿੰਘ ਚਾਵਲਾ ਵਲੋਂ ਅੰਕਿਤ ਨੋਟ) ਇਹ ਤੱਥ ਠੀਕ ਨਹੀਂ । ਹਥ-ਲਿਖਤ ਨੂੰ ਗਹੁ ਨਾਲ ਦੇਖਣ ਤੇ ਪਤਾ ਚਲਿਆ ਹੈ ਕਿ ਹਥ-ਲਿਖਤ ਦੇ ਸਜਾਵਟ ਵਾਲੇ ਪੰਨਾ ੪ ਉਤੇ ਇਕ ਵਖਰਾ ਕਾਗਜ਼ ਦਾ ਪਤਰਾ ਬਾਅਦ ਵਿਚ ਚਿਪਕਾਇਆ ਗਿਆ, ਜਿਸ ਉਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਵਨ ਹਸਤ ਕਮਲਾਂ ਨਾਲ ਮੂਲ ਮੰਤਰ ਲਿਖਿਆ ਸੀ। ( ਪੰਨਾ -੨੭)

www.AKJ.Org

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹਥ-ਲਿਖਤ ਨੰ:੧੨੪੫ ਦੀਆਂ ਹੇਠ ਲਿਖੀਆਂ ਕੁਝ ਪ੍ਰਮੁਖ ਵਿਸ਼ੇਸ਼ਤਾਈਆਂ ਹਨ-
**੧.ਥ.ਤ-੬**

**ੳ) ਥੀਸਿਸ ਵਿਚ ਵਰਣਿਤ-**

੧. ਹਥ ਲਿਖਤ ਦੇ ੧੨੬੭ ਪੰਨੇ ਹਨ। ਇਹ ਇਕ ਖਰੜੇ ਦੇ ਰੂਪ ਵਿਚ ਹੈ, ਜਿਸ ਉਤੇ ਗੁਰੂ ਅਰਜਨ ਦੇਵ ਜੀ ਅਜੇ ਕੰਮ ਕਰ ਰਹੇ ਜਾਪਦੇ ਹਨ।

੨. ਇਸ ਵਿਚ ਰਾਗਾਂ ਦੀ ਤਰਤੀਬ ਵਿਭਿੰਨ ਹੈ। ਇਹ ਸਿਰੀ ਰਾਗ ਤੋਂ ਅਰੰਭ ਹੁੰਦੀ ਹੈ, ਜਿਸ ਮਗਰੋਂ ਮਾਝ, ਗਉੜੀ, ਆਸਾ, ਗੂਜਰੀ ਅਤੇ ਵਡਹੰਸ ਹਨ। ਇਸ ਤੋਂ ਮਗਰੋਂ ਇਹ ਸਟੈਂਡਰਡ ਸਰੂਪ ਤੋਂ ਭਿੰਨ ਹੈ ਅਤੇ ਇਸ ਦੀ ਰਾਗ ਤਰਤੀਬ ਆਪਣੀ ਹੀ ਹੈ, ਧਨਾਸਰੀ, ਜੈਤਸਰੀ, ਸੋਰਠਿ, ਕਲਿਆਨ, ਨਟ ਨਰਾਇਣ, ਟੋਡੀ, ਬੈਰਾੜੀ, ਤਿਲੰਗ, ਗੋਂਡ, ਬਿਲਾਵਲ, ਸੂਹੀ, ਬਿਲਾਵਲ, ਰਾਮਕਲੀ, ਮਾਲੀ ਗਉੜਾ, ਮਾਰੂ, ਕੇਦਾਰਾ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ ਅਤੇ ਪ੍ਰਭਾਤੀ।

( ਪੰਨਾ-੨੫)

੩ ਇਸ ਹਥ-ਲਿਖਤ ਵਿਚ ਕੁਝ ਰਚਨਾਵਾਂ ਹਨ ਜੋ ਅੰਤਿਮ ਖਰੜੇ ਵਿਚ ਸੋਧੀਆਂ ਗਈਆਂ। ਏਥੋਂ ਤਕ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਕਈ ਸ਼ਬਦ ਕਈ ਥਾਵੇਂ ਸੋਧੇ। ਮਿਸਾਲ ਵਜੋਂ ਤਿਲੰਗ ਰਾਗ ਵਿਚਲੇ ਪੰਨਾਂ ੬੮੧-ਬੀ, ੬੮੨- ਸੀ ਉਤੇ ਸਾਰੇ ਸ਼ਬਦ ਅੰਤਮ ਖਰੜੇ ਵਿਚ ਸੋਧੇ ਗਏ। ਇਹਨਾਂ ਸ਼ਬਦਾਂ ਵਿਚੋਂ ਇਕ ਸ਼ਬਦ ਨੰ: ੫ ਪੰਨਾਂ ੬੮੨-ਏ( ਜੋ ਗੁਰ ਦੀਸੇ ਸਿਖੜਾ ਨਿਵਿ ਨਿਵਿ ਲਾਗਉ ਪਾਇ) ਸੂਹੀ ਰਾਗ ਵਿਚ ਪੰਨਾ ੭੨੯-ਬੀ ਉਤੇ ਦਰਸਾਇਆ ਹੋਇਆ ਹੈ, ਜਿਥੇ ਪਹਿਲੀ ਪੰਗਤੀ ਨੂੰ ਅੰਤ ਵਿਚ ਵੀ ਅੰਕਿਤ ਕੀਤਾ ਗਿਆ। ਪੰਨਾਂ ੬੮੨-ਏ ਦੇ ਹਾਸ਼ੀਏ ਵਿਚ ਇਕ ਨੋਟ ਦਿਤਾ ਹੋਇਆ ਹੈ ਕਿ ' ਸੂਹੀ ਵਿਚਿ ਲਿਆ ਹੈ। ਇਹ ਸ਼ਬਦ ਅੰਤਮ ਖਰੜੇ ਵਿਚ ਹੋਰ ਸੋਧਿਆ ਗਿਆ, ਜਿਥੇ ਹਰੇਕ ਪੰਗਤੀ ਦੇ ਅੰਤ ਵਿਚ ' ਜੀਉ ' ਸ਼ਬਦ ਇਸ ਨੂੰ ਹੋਰ ਰਾਗਾਤਮਿਕ ਬਨਾਉਣ ਲਈ ਵਧਾਇਆ ਗਿਆ।

( ਪੰਨਾ-੨੫/ ੨੬)

੪. ਇਸ ਵਿਚ ਭਗਤ ਬਾਣੀ ਨਹੀਂ ਹੈ ——————————

( ਪੰਨਾ-੨੬)

੫. ਇਸ ਵਿਚ ਭਟਾਂ ਦੇ ਸਵਯੇ ਸਤਿਗੁਰਾਂ ਦੀ ਉਸਤਤਿ ਵਿਚ ਅਜੇ ਆਪਣੇ ਪਹਿਲੇ ਸੰਖਿਪਤ ਰੂਪ ਵਿਚ ਹਨ। ਜਦੋਂ ਇਹ ਹਥ-ਲਿਖਤ ਲਿਖੀ ਗਈ, ਉਹਨਾਂ ਵਿਚੋ ਕਈ ਗੁਰੂ ਦੀ ਹਜ਼ੂਰੀ ਵਿਚ ਆਏ ਹੀ ਨਹੀਂ ਸਨ। ਏਥੋਂ ਤਕ ਕਿ ਸੱਤਾ ਬਲਵੰਡ ਦੀ ਰਾਮਕਲੀ ਕੀ ਵਾਰ ਵੀ ਇਸ ਹਥ- ਲਿਖਤ ਵਿਚ ਨਹੀਂ ਮਿਲਦੀ।

( ਪੰਨਾਂ ੨੬)

੬. ਇਸ ਹਥ-ਲਿਖਤ ( ਗੁਰੂ ਨਾਨਕ ਦੇਵ ਯੂਨੀਵਰਸਿਟੀ, ਐਮ ਐਸ ੧੨੪੫) ਜੋ ਭਾਈ ਗੁਰਦਾਸ ਲਾਇਬ੍ਰੇਰੀ ਦੀਆਂ ਦੁਰਲੱਭ ਪੁਸਤਕਾਂ ਦੇ ਸੈਕਸ਼ਨ ਵਿਚ ਸੁੱਰਖਿਅਤ ਹੈ ਵਿਚ ਮੀਣਿਆਂ ਵਲੋਂ ਰਚੇ( ਕੱਚੀ ਬਾਣੀ ਦੇ ) ਕੁਝ ਨਮੂਨੇ ਮਿਲਦੇ ਹਨ। ਪੰਦਰਾਂ ਪਦਿਆਂ ਵਾਲੀ ਰਚਨਾ ਸ੍ਰੀ ਰਾਗ ਮਹਲਾ ੩ ਛੰਤ ਗੁਰੂ ਅਮਰ ਦਾਸ ਜੀ ਦੇ ਨਾਂ ਥਲੇ ਦਰਜ ਕੀਤੀ ਹੋਈ ਹੈ, ਪਰ ਇਹ ਆਦਿ ਗ੍ਰੰਥ ਦੇ ਸਟੈਂਡਰਡ ਸਰੂਪ ਵਿਚ ਨਹੀਂ ਮਿਲਦੀ । ਇਹ ਮੀਣਿਆਂ ਦੇ ਟੋਲੇ ਦੀ ਉਪਜ ਜਾਪਦੀ ਹੈ।

( ਪੰਨਾਂ-੯ ਉਤੇ ਫੁਟ ਨੋਟ ਨੰ: ੩੨)

www.AKJ.Org

ਅ) ਅਸਲੀਅਤ ਤੇ ਅਧਾਰਤ ਤੱਥ-

੧ ਇਸ ਹਥ ਲਿਖਤ ਵਿਚ ਅੰਕਤ ਗੁਰਬਾਣੀ ਦੇ ਕਈ ਥਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕ ਬੀੜ ਵਿਚ ਅੰਕਤ ਗੁਰਬਾਣੀ ਨਾਲੋਂ ਅਖਰਾਂ, ਲਗਾਂ, ਮਾਤ੍ਰਾਂ ਅਤੇ ਸ਼ਬਦਾਂ ਦੇ ਫਰਕ ਹਨ, ਜਿਹੜੇ ਮੀਣਿਆਂ ਦੀਆਂ ਲਿਖਤਾਂ ਵਿਚ ਆਮ ਮਿਲਦੇ ਹਨ।

੨. ਇਸ ਹਥ-ਲਿਖਤ ਉਤੇ ਇਸ ਦੇ ਲਿਖੇ ਜਾਣ ਦਾ ਕੋਈ ਸੰਨ ਸੰਮਤ ਦਰਜ ਨਹੀਂ, ਤੇ ਨਾ ਹੀ ਇਸ ਦੀ ਕੋਈ ਇਤਿਹਾਸਿਕ ਵਿਸ਼ੇਸ਼ਤਾ ਹੈ । ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਇਸ ਦੀ ਖਰੀਦ (੧੯੮੭) ਤੋਂ ਪਹਿਲਾਂ ਕਿਸੇ ਇਤਿਹਾਸਕਾਰ ਜਾਂ ਬੀੜਾਂ ਦੇ ਕਿਸੇ ਖੋਜੀ ਨੇ ਇਸ ਬੀੜ ਬਾਰੇ ਕਦੀ ਜ਼ਿਕਰ ਨਹੀਂ ਕੀਤਾ ।

੩. ਜਿਥੋਂ ਤਕ ਇਸ ਬੀੜ ਦੀ ਮਹੱਤਤਾ ਬਾਰੇ ਹਰਭਜਨ ਸਿੰਘ ਹਰਚਰਨ ਸਿੰਘ ਚਾਵਲਾ ਵਲੋਂ ਦਿਤੇ ਨੋਟ ਦਾ ਸੰਬੰਧ ਹੈ, ਇਸ ਫਰਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਤਲਬ ਕੀਤਾ ਗਿਆ। ਉਹਨਾਂ ਵਲੋਂ ਮਿਤੀ ੫-੫-੯੩ ਨੂੰ ਦਿਤੇ ਬਿਆਨ ਦੀ ਕਾਪੀ ਨਾਲ ਨਥੀ ਹੈ। ਉਹਨਾਂ ਨੇ ਸਪਸ਼ਟ ਕੀਤਾ ਹੈ ਕਿ " ਉਹਨਾਂ ਨੂੰ ਇਹ ਪੋਥੀ ੧੯੭੯-੮੦ ਵਿਚ ਰਾਜਸਥਾਨ ਦੇ ਗੰਗਾ ਨਗਰ ਜ਼ਿਲੇ ਦਾ ਦੌਰਾ ਕਰਦਿਆਂ ਇਕ ਰੱਦੀ ਵੇਚਣ ਵਾਲੇ ਤੋਂ ਮਿਲੀ, ਜੋ ਉਹਨਾਂ ਨੇ ਮਗਰੋਂ ਜਾ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਮੁਲ ਵੇਚੀ। ਬੀੜ ਤੇ ਦਿਤਾ ਨੋਟ ਉਹਨਾਂ ਦੀ ਕਿਸੇ ਖੋਜ ਪੜਤਾਲ ਤੇ ਅਧਾਰਤ ਨਹੀਂ, ਸਗੋਂ ਜੋ ਕੁਝ ਅੰਮ੍ਰਿਤਸਰ ਦੇ ਇਕ ਪਾਠੀ ਭਾਈ ਕਰਨੈਲ ਸਿੰਘ* ਦੁਆਰਾ ਦਸਿਆ ਗਿਆ, ਉਹ ਕੁਝ ਨੋਟ ਵਿਚ ਲਿਖ ਦਿਤਾ ਗਿਆ।

ਸਪਸ਼ਟ ਹੈ ਕਿ ਹਥ ਲਿਖਤ ਉਪਰ ਦਿਤਾ ਨੋਟ ਇਸ ਦੇ ਵਿਕਰੇਤਾ ਵਲੋਂ ਇਸ ਦਾ ਜ਼ਿਆਦਾ ਤੋਂ ਜ਼ਿਆਦਾ ਮੁਲ ਵਟਣ ਦੇ ਖਿਆਲ ਨਾਲ ਕੀਤੀ ਫੋਕੀ ਇਸਤਿਹਾਰ ਬਾਜ਼ੀ ਦਾ ਇਕ ਕਮਾਲ ਸੀ। ਇਹ ਇਸ਼ਤਿਹਾਰ ਚੂੰਕਿ ਮੈਕਲੋਡ ਦੀ ਮਨੋ- ਧਾਰਨਾ ਦੀ ਪੂਰਤੀ ਕਰਦਾ ਸੀ, ਉਸਨੇ ਪ੍ਰਦੇਸ ਤੋਂ ਆਪਣੇ ਹਥ ਠੋਕੇ ਪਸ਼ੌਰਾ ਸਿੰਘ ਨੂੰ ਇਸ ਨੂੰ ਅਧਾਰ ਬਣਾ ਕੇ ਥੀਸਿਸ ਲਿਖਣ ਦੀ ਹਦਾਇਤ ਕੀਤੀ ਜਾਪਦੀ ਹੈ।

## ਦੋਸ਼ ਨੰ: ੧

### ੧.ਦ.ਪ. -੧

ਕਿਸੇ ਇਤਿਹਾਸਕ ਗਵਾਹੀ ਜਾਂ ਕੁਝ ਠੋਸ ਨਿੱਗਰ ਤੱਥਾਂ ਦੇ ਹਵਾਲੇ ਬਗੈਰ, ਮੀਣਿਆਂ ਦੇ ਟੋਲੇ ਵਲੋਂ ਲਿਖੀ ਅਪ੍ਰਮਾਣਿਕ ਪੋਥੀ ( ਗੁਰੂ ਨਾਨਕ ਦੇਵ ਯੂਨੀਵਰਸਿਟੀ ਐਮ ਐਸ ੧੨੪੫); ਜਿਸ ਦੇ ਪੰਨੇ ੧੨੫੫ ਉਤੇ ਇਕੋ ਲਿਖਾਰੀ ਦੀ ਕਲਮ ਨਾਲ ਅਤੇ ਇਕੋ ਸਿਆਹੀ ਨਾਲ ਅੰਕਤ ਪਹਿਲੇ ਪੰਜ ਸਤਿਗੁਰਾਂ ਦੇ ਜੋਤੀ ਜੋਤਿ ਸਮਾਉਣ ਦੇ ਚਲਿਤ੍ਰਾਂ ਦੀ ਰੋਸ਼ਨੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਤਾ ਕਾਲ ਤੋਂ ਪਿਛੋਂ ਦਾ ਸੰਕਲਨ ਸਿਧ ਹੁੰਦੀ ਹੈ, ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਦਾ ਮੁਢਲਾ ਖਰੜਾ ਮਿਥਣਾ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਪ੍ਰਤੀ ਨਿਰਮੂਲ ਸ਼ੰਕੇ ਖੜੇ ਕਰਨ ਦੀ ਸ਼ਰਾਰਤ ਭਰੀ ਸਾਜਿਸ਼ ਹੈ।

### ੧-ਦ. ਪ.-੨.

ਇਸੇ ਸਾਜਿਸ਼ ਅਧੀਨ ਹੀ ਮਨੋ- ਕਲਪਿਤ ਕਿਆਸ ਅਤੇ ਕਿਆਫਿਆਂ ਦੇ ਅਧਾਰ ਤੇ ਇਸ ਦੀ ਲਿਖਤ ਨੂੰ ਗੁਰੂ ਘਰ ਦੇ ਨਿਕਟ ਵਰਤੀ ਇਤਿਹਾਸਕ ਵਿਅਕਤੀਆਂ (ਭਾਈ ਗੁਰਦਾਸ ਅਤੇ ਬਾਬਾ ਬੁੱਢਾ ਜੀ) ਨਾਲ ਜੋੜ ਕੇ ਇਹਨਾਂ ਅਨੰਨ ਗੁਰਸਿਖਾਂ ਨੂੰ ਮੀਣਿਆਂ ਦੇ ਪਖ-ਪਾਤੀਆਂ ਦੀ ਕਤਾਰ ਵਿਚ ਖੜੇ ਕਰਨ ਦੀ ਇਕ ਗੁਝੀ ਸ਼ਰਾਰਤ ਕੀਤੀ ਗਈ ਹੈ ਜਿਸ ਨੂੰ ਸ਼ਾਇਦ ਭਵਿਖ ਵਿਚ ਵਰਤਣ ਦਾ ਇਰਾਦਾ ਹੈ।

ਨੋਟ : * ਭਾਈ ਕਰਨੈਲ ਸਿੰਘ ੧੯੯੪ ਤੋਂ ਪਹਿਲਾਂ ਅਕਾਲ ਚਲਾਣਾ ਕਰ ਚੁਕਾ ਹੈ।

www.AKJ.Org

੧.ਦ.ਪ.-੩.

ਫਿਰ ਇਸ ਦੇ ਚੌਥੇ ਪਤਰੇ ਤੇ ਚਿਪਕਾਏ ਵਖਰੇ ਕਾਗਜ਼ ਦੇ ਟੁਕੜੇ ਤੇ ਅੰਕਿਤ ਮੂਲ- ਮੰਤਰ ਨੂੰ ਆਪਣੀ ਕਪੋਲ ਕਲਪਨਾ ਦੇ ਅਧਾਰ ਤੇ ਨੌਵੇਂ ਪਾਤਸ਼ਾਹ ਨਾਲ ਜੋੜ ਕੇ ਇਸ ਨੂੰ ਇਤਿਹਾਸਕ ਪੋਥੀ ਬਨਾਉਣ ਦਾ ਯਤਨ ਕੀਤਾ ਗਿਆ ਹੈ।

ਇਹ ਬਿਲਕੁਲ ਉਹੋ ਜਿਹੀ ਹੀ ਸਾਜ਼ਿਸ਼ ਹੈ ਜਿਸ ਤਰ੍ਹਾਂ ਦੀ ਕਈ ਚਿਰ ਪਹਿਲਾਂ ਤੋਂ ਸਿਖ ਧਰਮ ਦਾ ਦੋਖੀ ਇਕ ਇਸਾਈ ਪਾਦਰੀ ਮੈਕਲੋਡ ਖੋਜ ਦੇ ਨਾਉਂ ਥਲੇ ਰਚਦਾ ਚਲਾ ਆ ਰਿਹਾ ਹੈ।

੧-ਦ. ਪ-ਪ

ਥੀਸਿਸ ਵਿਚ ਉਪਰੋਕਤ ਵਰਣਿਤ ਮੈਕਲੋਡ ਦੀ ਬੋਲੀ ਬੋਲ ਕੇ ਲੇਖਕ ਨੇ ਆਪਣੇ ਇਸ਼ਟ ਗੁਰੂ ਨਾਲ ਅਤੇ ਸਿੱਖ ਜਗਤ ਨਾਲ ਧ੍ਰੋਹ ਕਮਾਇਆ ਹੈ ਅਤੇ ਆਪਣੇ ਥੀਸਿਸ ਰਾਹੀਂ ਸਿੱਖ ਧਰਮ ਦੇ ਵਿਰੋਧੀਆਂ ਨੂੰ ਜਾਣ ਬੁਝ ਕੇ ਇਤਰਾਜ਼ ਯੋਗ ਸਮਗਰੀ ਮੁਹਈਆ ਕੀਤੀ ਹੈ।

## ਥੀਸਿਸ ਵਿਚਲੇ ਇਤਰਾਜ਼ ਯੋਗ ਤੱਥ

੨. ਥ. ਤ.-੧

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹਥ ਲਿਖਤ ਪੋਥੀ( ਗੁਰੂ ਨਾਨਕ ਦੇਵ ਯੂਨੀਵਰਸਿਟੀ ਐਮ ਐਸ ੧੨੪੫) ਸਵੇਰ ਵੇਲੇ ਦੀ ਬਾਣੀ (ਜਪੁਜੀ) ਦੇ ਧਰੁਵੀ-ਕਰਣ ਤੋਂ ਪਹਿਲਾਂ ਦਾ ਰੂਪ ਦਰਸਾਉਂਦੀ ਹੈ। ਇਹ ਨਿਮਨ ਲਿਖਤ ਅਨੁਸਾਰ ਅਰੰਭ ਹੁੰਦੀ ਹੈ :-

੧ਓ

ਸਤਿ ਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਸਤਿਗੁਰ ਪਰਸਾਦਿ ।।
ਜਪੁ ਮਹਲਾ ੧
ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ।।
ਚੁਪੈ ਚੁਪ ਨ ਹੋਵਈ ਜੇਇ ਲਾਇ ਰਹਾ ਲਿਵਤਾਰ।।
ਭੁਖਿਆ ਭੁਖ ਨ ਉਤਰੈ ਜੇ ਬਨਾ ਪੁਰੀਆ ਭਾਰ।।
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।।
ਕਿਉ ਸਚਿਆਰਾ ਹੋਈਐ ਕਿਉ ਕੂੜੇ ਤੁਟੈ ਪਾਲਿ।।
ਹੁਕਮਿ ਰਜਾਈ ਚਲਣਾ ਨਾਨਕਾ ਲਿਖਿਆ ਨਾਲਿ।।

ਉਪਰੋਕਤ ਪਾਠ ਦਾ ਜਪੁਜੀ ਦੇ ਪ੍ਰਮਾਣਿਕ (Standard) ਪਾਠ ਨਾਲ ਪਰਸਪਰ ਮੇਲਾਨ ਕਰਨ ਤੇ ਹੇਠ ਲਿਖੇ ਮਹੱਤਵ ਪੂਰਣ ਫਰਕ ਸਾਹਮਣੇ ਆਉਂਦੇ ਹਨ, ਜਿਹੜੇ ਇਸ ਬਾਣੀ ਦੇ ਵਿਕਾਸ ਦੀਆਂ ਵਿਭਿੰਨ ਪੜਾਵਾਂ ਨੂੰ ਸਪਸ਼ਟਾਉਂਦੇ ਹਨ :-

ਪਹਿਲਾ ( ਫਰਕ), ਮੂਲ- ਮੰਤਰ ਪੂਰਬਲੇ ਸਰੂਪ ਵਿਚ ਅਕਿਤ ਹੈ, ਜਿਸ ਬਾਰੇ ਪਿਛਲੇ ਸੈਕਸ਼ਨ ਵਿਚ ਸਵਿਸਥਾਰ ਵਿਚਾਰ ਕੀਤਾ ਜਾ ਚੁਕਾ ਹੈ।

www.AKJ.Org

ਦੂਜਾ, ਇਸ ਰਚਨਾ ਦਾ ਸਿਰਲੇਖ " ਜਪੁ ਮਹਲਾ ੧" ਦਿਤਾ ਹੋਇਆ ਹੈ, ਜੋ ਇਸ ਦੇ ਗੁਰੂ ਨਾਨਕ ਦੀ ਰਚਨਾ ਹੋਣ ਦਾ ਸਪਸ਼ਟ ਸੰਕੇਤ ਕਰਦਾ ਹੈ। ਸਟੈਂਡਰਡ ਰੂਪ ਵਿਚ ' ਮਹਲਾ ੧' ਦਾ ਚਿਨ੍ਹ ਛਡ ਦਿਤਾ ਗਿਆ ਹੈ, ਸ਼ਾਇਦ ਜਾਣ ਬੁਝ ਕੇ, ਇਸ (ਬਾਣੀ) ਨੂੰ ਰੱਬੀ - ਰਚਨਾ ਦਰਸਾਉਣ ਲਈ ।———— ( ਪੰਨਾਂ ੧੦੧)

੨.ਥ. ੩–੨.

ਤੀਜਾ ਨਵੇਕਲਾ ਫਰਕ ਇਹ ਹੈ ਕਿ ਇਸ ਪੂਰਬਲੇ ਸਰੂਪ ਵਿਚ ਅਰੰਭਕ ਸਲੋਕ ਮੌਜੂਦ ਨਹੀਂ। ਇਸ ਦਾ ਪਾਠ ਇਉਂ ਹੈ :-

**ਆਦਿ ਸਚੁ ਜੁਗਾਦਿ ਸਚੁ ।।**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।।**

ਜ਼ਾਹਰ ਹੈ ਕਿ ਇਹ ਸਲੋਕ ਗੁਰੂ ਅਰਜਨ ਦੇਵ ਜੀ ਨੇ ਬਹੁਤ ਪਿਛੋਂ ਜਪੁਜੀ ਨੂੰ ਪੂਰਨ ਰੂਪ ਦੇਣ ਸਮੇਂ ਸ਼ਾਮਲ ਕੀਤਾ। (ਪੰਨਾ-੧੦੨)

੨.ਥ.੩ –੩.

ਆਖਰੀ, ਜਪੁਜੀ ਦੀ ਪਹਿਲੀ ਪਉੜੀ ਜਿਵੇਂ ਏਥੇ ਦਿੱਤੀ ਹੈ, ਵਿਚ ਕੁਝ ਭਾਸ਼ਾਈ ਫਰਕ ਹਨ। ਪ੍ਰਤੱਖ ਹੈ ਕਿ ਗੁਰੂ ਅਰਜਨ (ਦੇਵ ਜੀ) ਨੇ ਕੁਝ ਸ਼ਬਦਾਂ ਦੀ ਭਾਸ਼ਾ ਵਿਚ ਸੁਧਾਈ ਕੀਤੀ( ਜੇਇ / ਜੇ, ਉਤਰੈ / ਉਤਰੀ, ਬਨਾ/ਬੰਨਾ ਬੰਨਾ ਸਹੰਸ / ਸਹਸ, ਹੋਨਿ / ਹੋਹਿ, ਕਿਉ / ਕਿਵ) ਅਤੇ ਪਾਠ ਦੇ ਮਿਆਰੀ -ਕਰਣ ਕਰਨ ਲਈ ਉਹਨਾਂ ਦੇ ਵਿਆਕਰਣਿਕ ਅਤੇ ਕਾਵਿਕ ਤੌਰ ਤੇ ਵਧੇਰੇ ਢੁਕਵੇਂ ਰੂਪ ਦੇ ਦਿਤੇ— ( ਪੰਨਾਂ-੧੦੩)

੨.ਥ.੩–੪–

ਜਪੁਜੀ ਦੇ ਪਾਠ ਵਿਚ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਮੌਜੂਦ ਹਨ ਜਿਥੇ ਗੁਰੂ ਅਰਜਨ ( ਦੇਵ ਜੀ) ਨੇ ਕੁਝ ਅੰਸ਼ਾਂ ਦੀ ਭਾਸ਼ਾ ਅਤੇ ਛੰਦਾ- ਬੰਦੀ ਨੂੰ ਸੋਧਿਆ ਅਤੇ ਚਮਕਾਇਆ। ਹੇਠ ਲਿਖੀਆਂ ਮਿਸਾਲਾਂ ਧਿਆਨ ਯੋਗ ਹਨ :-

| ਗੁਰੂ ਨਾਨਕ ਦੇਵ ਯੂਨੀ: ਐਮ ਐਸ ੧੨੪੫ ਦਾ ਰੂਪ | ਸੋਧਿਆ ਸਟੈਂਡਰਡ ਰੂਪ |
|---|---|
| ਵਿਣੁ ਭਾਣੇ ਕਿਆ ਨਾਇ ਕਰੀ।। | ਵਿਣੁ ਭਾਣੇ ਕਿ ਨਾਇ ਕਰੀ।। |
| ਮਿਤਿ ਵਿਚਿ ਰਤਨ ਜਵਾਹਰ ਮਾਣਕ_।। | ਮਤਿ ਵਿਚਿ ਰਤਨ ਜਵਾਹਰ ਮਾਣਕ _।। |
| ਜਿਉ ਜਿਉ ਹੁਕਮ ਤਿਵੈ ਤਿਉ ਕਾਰ।। | ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।। |
| ਕਿਉ ਸਚਿਆਰਾ ਹੋਈਐ ਕਿਉ ਕੂੜੈ ਤੁਟੈ ਪਾਲਿ।। | ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।। |
| ਭਾਡੈ ਭਾਉ ਅਬ੍ਰਿਤੁ ਤਿਤੁ ਢਾਲਿ।। | ਭਾਡਾ ਭਾਉ ਅੰਮ੍ਰਿਤੁ ਤਿਤੁ ਢਾਲਿ।। |

## ਦੋਸ਼ ਨੰ: ੨

੨. ਦ. ੫–੧

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਅਪ੍ਰਮਾਣੀਕ ਹਥ - ਲਿਖਤ ਨੰ: ੧੨੪੫ ਵਿਚ ਅੰਕਿਤ ਸ੍ਰੀ ਜਪੁ ਜੀ ਸਾਹਿਬ ਦੇ ਸਰੂਪ ਨੂੰ ਇਸ ਬਾਣੀ ਦੇ ਧ੍ਰੁਵੀ - ਕਰਣ (standardisation) ਤੋਂ ਪਹਿਲਾਂ ਦਾ ਅਤੇ ਮੁਢਲਾ ਰੂਪ ਮਿਥ ਕੇ ਇਕ ਪਾਸੇ ਇਸ ਪਾਵਨ ਬਾਣੀ ਦੀ ਪ੍ਰਮਾਣੀਕਤਾ ਬਾਰੇ ਰੋਲ - ਘਚੋਲਾ ਪਾਉਣ ਦਾ ਕੋਝਾ ਯਤਨ ਕੀਤਾ ਗਿਆ ਹੈ, ਦੂਜੇ ਪਾਸੇ ਸ੍ਰੀ ਗੁਰੂ ਅਰਜਨ ਦੇਵ ਜੀ ਉਤੇ ਅਸਿਧੇ ਤੌਰ ਤੇ ਇਹ ਦੋਸ਼ ਅਰੋਪਿਆ ਗਿਆ ਹੈ ਕਿ ਉਹਨਾਂ ਨੇ ਇਸ ਬਾਣੀ ਦੇ ਕਥਿਤ ਮੁਢਲੇ ਸਰੂਪ ਦੀ ਕਈ ਪੱਖਾਂ ਤੋਂ ਸੁਧਾਈ ਕੀਤੀ; ਜਿਹਾ ਕਿ:-

www.AKJ.Org

੧ ਇਸ ਬਾਣੀ ਦੇ ਸਿਰਲੇਖ 'ਮਹਲਾ ੧' ਨੂੰ ਸਟੈਂਡਰਡ ਰੂਪ ਵਿਚ ਜਾਣ ਬੁਝ ਕੇ ਛਡ ਦਿਤਾ, ਇਸ ਭਾਵਨਾ ਅਧੀਨ ਕਿ ਇਸ ਬਾਣੀ ਨੂੰ ਰਬੀ - ਕ੍ਰਿਤ ਵਜੋਂ ਦਰਸਾਇਆ ਜਾਵੇ।

੨ ਇਸ ਬਾਣੀ ਦਾ ਅਰੰਭਕ ਸਲੋਕ (ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ) ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ ਅਤੇ ਇਸ ਸਲੋਕ ਨੂੰ ਜਪੁ ਜੀ ਵਿਚ ਮਗਰੋਂ ਜਾ ਕੇ ਵਧਾਇਆ ਗਿਆ, ਜਦੋ ਸੁਧਾਈ ਮਗਰੋਂ ਇਸ ਨੂੰ ਅੰਤਮ ਰੂਪ ਦਿਤਾ ਗਿਆ।

੩ ਇਸ ਬਾਣੀ ਦੇ ਮਿਆਰੀ - ਕਰਣ ਕਰਨ ਸਮੇਂ ਇਸ ਵਿਚ ਕਈ ਥਾਈਂ ਅਖਰਾਂ, ਲਗਾਂ - ਮਾਤ੍ਰਾਂ, ਸ਼ਬਦਾਂ ਆਦਿ ਦੀ ਅਦਲਾ ਬਦਲੀ ਕਰਕੇ ਇਸ ਨੂੰ ਛੰਦਾ - ਬੰਦੀ ਅਤੇ ਵਿਆਕਰਣਿਕ ਪਖੋਂ ਵਧੇਰੇ ਸ਼ੁਧ ਬਣਾਇਆ ਗਿਆ।

## ਥੀਸਿਸ ਵਿਚਲੇ ਇਤਰਾਜ਼ ਯੋਗ ਤਥ

੩. ਥ. ਤ–੧.

ਮੂਲ ਮੰਤਰ ਜਾਂ ਬੀਜ - ਮੰਤਰ, ਜਿਸ ਨਾਲ ਆਦਿ ਗ੍ਰੰਥ ਦਾ ਆਰੰਭ ਹੁੰਦਾ ਹੈ, ਸਿੱਖ ਧਰਮ ਦੇ ਪ੍ਰਮਾਰਥਕ ਕਥਨ ਦਾ ਮੂਲ ਹੈ। ਇਹ ਵਖ ਵਖ ਗੁਣ - ਵਾਚੀ ਸ਼ਬਦਾਂ ਤੋਂ ਬਣਿਆ ਹੈ, ਜਿਹੜੇ ਪਰੰਪਰਾ ਤੋ ਪਰਮ - ਸਤਿ ਅਥਵਾ ਅਕਾਲ ਪੁਰਖ ਦੀ ਹਸਤੀ ਦੇ ਪ੍ਰਤੀਕ ਹਨ। ਇਹ (ਮੂਲ-ਮੰਤਰ) ਮੋਹਨ - ਪੋਥੀਆਂ ਦੇ ਪਹਿਲੇ ਭਾਗ ਵਿਚ ਇਸ ਤਰ੍ਹਾਂ ਦਰਜ ਹੈ:-

**੧ਓ ਸਤਿਗੁਰ ਪਰਸਾਦੁ**
**ਸਚੁ ਨਾਮੁ ਕਰਤਾਰੁ ਨਿਰਭਉ ਨਿਰੀਕਾਰੁ ਅਕਾਲ ਮੂਰਤਿ**
**ਅਜੂਨੀ ਸੰਭਉ।੧।**

ਕਿਧਰੇ ਕਿਧਰੇ ਇਸ ਪਾਠ ਦੇ ਅੰਤ ਵਿਚ 'ਗੁਰ ਪੂਰੇ ਕੇ ਪਰਸਾਦਿ' ਇਕ ਵਧੇਰੀ ਤੁਕ ਵੀ ਦਰਜ ਹੈ। ਪ੍ਰੰਤੂ ਮੂਲ-ਮੰਤਰ ਦਾ ਇਹ ਸਰੂਪ ਆਦਿ ਗ੍ਰੰਥ ਵਿਚਲੇ ਪ੍ਰਮਾਣਿਤ ਪਾਠ ਨਾਲ ਮੇਲ ਨਹੀਂ ਖਾਂਦਾ। ਜ਼ਾਹਰ ਹੈ ਕਿ ਇਹ ਸਰੂਪ ਗੁਰੂ ਅਮਰ ਦਾਸ ਜੀ ਦੇ ਸਮੇਂ ਪ੍ਰਚਲਤ ਸੀ।

੨. ਥ. ਤ–੨.

ਗੋਇੰਦਵਾਲ ਪੋਥੀਆਂ ਵਿਚ ਅੰਕਿਤ ਮੂਲ - ਮੰਤਰ ਦੇ ਪ੍ਰਾਥਮਿਕ ਰੂਪ ਦੇ ਬਹੁਤੇ ਅੰਸ਼ਾਂ ਦਾ ਮੂਲ ਗੁਰ ਨਾਨਕ ਦੇਵ ਜੀ ਦੇ ਰਚਨਾ ਤੋਂ ਸਿਧੇ ਤੌਰ ਤੇ ਲਭਿਆ ਜਾ ਸਕਦਾ ਹੈ। (ਪੰਨਾ-੯੩)

੩ – ਥ. ਤ–੩.

ਗੁਰੂ ਰਾਮ ਦਾਸ ਜੀ ਨੇ ਆਪਣੀ ਬਾਣੀ ਦੇ ਇਕ ਸ਼ਬਦ ਵਿਚ ਮੂਲ - ਮੰਤਰ ਵਾਲੇ ਰੱਬੀ ਗੁਣਾਂ ਨੂੰ ਸਿਮਰਿਆ ਹੈ। ਇਸ ਪਦੇ ਦਾ ਮੁਢਲਾ ਅੰਸ਼ ਮੂਲ - ਮੰਤਰ ਦੇ ਪਾਠ ਨਾਲ ਮਿਲਦਾ ਜੁਲਦਾ ਹੈ ਅਤੇ ਓਸੇ ਤਰ੍ਹਾਂ ਹੀ ਇਹ ਕਿਸੇ ਛੰਦ - ਵਿਧਾਨ ਤੋ ਮੁਕਤ ਹੈ। ਇਸ ਦਾ ਪਾਠ ਇਉਂ ਹੈ-

**ਜਪਿ ਮਨ ਨਿਰਭਉ।। ਸਤਿ ਸਤਿ ਸਦਾ ਸਤਿ।।**
**ਨਿਰਵੈਰੁ ਅਕਾਲ ਮੂਰਤਿ।। ਅਜੂਨੀ ਸੰਭਉ।।**
**ਮੇਰੇ ਮਨ ਅਨਦਿਨੋ ਧਿਆਇ ਨਿਰੰਕਾਰੁ ਨਿਰਾਹਾਰੀ।।** (ਸਾਰਗ ਮ: ੪, ੧੨੦੧) (ਪੁਸਤਕ ਪੰਨਾ-੯੫)

੩. ਥ. ਤ–੪.

ਉਪ੍ਰੋਕਤ ਪਾਠ ਦਾ, ਮੂਲ - ਮੰਤਰ ਦੇ ਪ੍ਰਾਥਮਿਕ ਪਾਠ ਨਾਲ ਮੇਲਾਨ ਕਰਨ ਤੇ 'ਨਿਰਵੈਰ' ਸ਼ਬਦ ਦਾ ਵਾਧਾ ਸਪਸ਼ਟ ਦਿਸਦਾ ਹੈ, ਜਿਸ ਨੂੰ ਗੁਰੂ ਰਾਮਦਾਸ ਜੀ ਨੇ ਰੱਬ ਦੇ ਕ੍ਰਿਪਾਲੂ ਰੂਪ ਤੇ ਜ਼ੋਰ ਦੇਣ ਲਈ ਵਰਤਿਆ ਹੈ। ਇਸ ਸ਼ਬਦ ਦੀ ਵਰਤੋਂ ਉਸ (ਗੁਰੂ ਰਾਮਦਾਸ ਜੀ) ਦੀ ਪੱਕੀ ਧਾਰਨਾ ਦੀ ਝਲਕ ਦੇਂਦੀ ਹੈ ਕਿ ਉਹਨਾਂ ਨੇ ਆਪਣੇ ਸ਼ਰੀਕਾਂ ਵਲੋਂ


www.AKJ.Org

ਪ੍ਰਗਟਾਈ ਜਾ ਰਹੀ ਵੈਰ - ਭਾਵਨਾ ਦਾ ਟਾਕਰਾ ਪਿਆਰ ਅਤੇ ਮਿਤ੍ਰਤਾ ਦੀ ਭਾਵਨਾ ਨਾਲ ਕਰਨ ਦਾ ਤਹੱਈਆ ਕਰ ਰਖਿਆ ਸੀ। ਇਸ ਤਰ੍ਹਾਂ ਪਰਮ - ਸਤਿ ਬਾਰੇ ਸਿੱਖਾਂ ਦੇ ਵਿਸ਼ਵਾਸ ਵਿਚ ਇਕ ਨਵੇਂ ਤੱਥ ਦਾ ਵਾਧਾ ਹੋਇਆ।

ਤ. ਥ. ਤ– ੫.

ਭਾਵੇਂ ਗੁਰੂ ਨਾਨਕ (ਦੇਵ ਜੀ) ਨੇ ਵੀ ਪਰਮ - ਹੋਂਦ ਲਈ 'ਨਿਰਵੈਰ' ਸ਼ਬਦ ਰਾਮਕਲੀ 'ਦੱਖਣੀ ਓਅੰਕਾਰ' ਵਿਚ ਵਰਤਿਆ ਹੈ, ਪਰ ਗੁਰੂ ਰਾਮਦਾਸ (ਜੀ) ਦੀ ਰਚਨਾ ਵਿਚ ਇਸ ਸ਼ਬਦ ਦੀ ਵਰਤੋਂ ਕਿਤੇ ਬਹੁਤੀ ਵਾਰ ਮਿਲਦੀ ਹੈ। (-ਫੁਟ ਨੋਟ ਨੰਬਰ ੧੪, ਪੰਨਾ -੯੬)

ਤ–ਥ. ਤ–੬

ਗੁਰੂ ਅਰਜਨ (ਦੇਵ ਜੀ ) ਨੇ ਮੂਲ-ਮੰਤਰ ਦੇ ਸਰੂਪ ਨੂੰ ਅੰਤਮ ਰੂਪ ਦੇਣ ਲਈ ਉਪਰ ਥਲੀਂ ਦੇ ਕਈ ਖਰੜਿਆਂ ਤੇ ਕੰਮ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹਥ ਲਿਖਤ (੧੨੪੫) ਜੋ ਆਦਿ ਗ੍ਰੰਥ ਦਾ ਇਕ ਪੂਰਬਲਾ ਖਰੜਾ ਹੈ, ਮੂਲ-ਮੰਤਰ ਦਾ ਧ੍ਰੁਵੀ-ਕਰਣ ਤੋਂ ਪਹਿਲਾਂ ਦਾ ਰੂਪ ਦਿੰਦਾ ਹੈ :-

ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਸਤਿਗੁਰੂ ਪਰਸਾਦਿ

(ਮੂਲ ਮੰਤਰ ਦੇ) ਅੰਤਮ ਰੂਪ ਵਿਚ ਗੁਰੂ ਅਰਜਨ (ਦੇਵ ਜੀ) ਨੇ ਸਤਿਗੁਰੂ ਪਰਸਾਦਿ ਪਦਾਂਸ਼ ' ਗੁਰ ਪ੍ਰਸਾਦਿ ' ਨਾਲ ਬਦਲ ਦਿੱਤਾ। ਅਨੁਮਾਨ ਹੈ ਕਿ ਅਜਿਹਾ ਮੂਲ-ਮੰਤਰ ਦੀ ਬਣਤਰ ਨੂੰ ਵਧੇਰੇ ਇਕ-ਸੁਰਤਾ ਦੇਣ ਲਈ ਕੀਤਾ ਗਿਆ। (ਪੰਨਾ-੯੬)

ਤ. ਥ. ਤ–੭

ਇਕ ਹੋਰ ਮਹੱਤਵ ਪੂਰਨ ਨੁਕਤਾ ਇਹ ਹੈ ਕਿ ਗੁਰੂ ਅਰਜਨ (ਦੇਵ ਜੀ) ਨੇ ਮੂਲ-ਮੰਤਰ ਦੇ ਪ੍ਰਾਪਤ ਪਾਠ ਵਿੱਚ ' ਪੁਰਖ ' ਸ਼ਬਦ ਵਧਾ ਦਿੱਤਾ। ਇਸ ਤੋਂ ਇਹ ਸਾਫ ਜ਼ਾਹਰ ਹੁੰਦਾ ਹੈ ਕਿ ਉਸ ਸਮੇਂ ਤੱਕ ਗੁਰੂ ਨਾਨਕ (ਦੇਵ ਜੀ) ਦੇ ਪਰਮ-ਸਤਿ ਦੇ ' ਨਿਰੰਕਾਰ' ਵਾਲੇ ਗੁਣ ਨਾਲੋਂ ' ਪੁਰਖੀ' ਤੱਤ ਨੂੰ ਵਧੇਰੇ ਮਹਾਨਤਾ ਪ੍ਰਾਪਤ ਹੋ ਗਈ ਸੀ। (ਪੰਨਾ-੯੬-੯੭)

ਤ–ਥ. ਤ–੮

ਇਹ (ਪੁਰਖ ਸ਼ਬਦ ਦਾ ਵਾਧਾ) ਹੋ ਸਕਦਾ ਹੈ, ਗੁਰੂ ਨਾਨਕ(ਦੇਵ ਜੀ) ਦੇ ਸਮੇਂ ਤੋਂ ਮਗਰੋਂ ਸਿਖ ਸਧਾਂਤ ਅਤੇ ਸਿਖ ਪੰਥ ਉਪਜੀਆਂ ਪ੍ਰਸਥਿਤੀਆਂ ਦੀ ਢੁਕਵੀਂ ਵਿਆਖਿਆ ਦੇ ਸਕੇ।

ਗੁਰੂ ਨਾਨਕ (ਦੇਵ ਜੀ) ਨੇ ਵਾਰ ਮਾਝ ਦੇ ਪਹਿਲੇ ਅੰਕ (ਪੰਨਾ-੧੩੮) ਅਤੇ ਮਾਰੂ ਸੋਹਲੇ ਦੇ ੧੮ (ਪੰਨਾ-੧੦੩੮) ਵਿੱਚ ' ਕਰਤਾ ਪੁਰਖ' ਅਤੇ ' ਅਕਾਲ ਪੁਰਖੁ' ਇਹ ਦੋਵੇਂ ਵਾਕੰਸ਼ ਵਰਤੇ ਹਨ। ਉਹ ਵੀ ਵਿਅਕਤਿਤਵ ਵਾਲੇ ਪਰਮਾਤਮਾ ਦੀ ਗੱਲ ਕਰਦੇ ਹਨ : ਕ੍ਰਿਪਾਲੂ ਪਰਮਾਤਮਾ ਜਿਸ ਨੂੰ ਕੋਈ ਜੀਵ ਉਸਦੀ ਮਿਹਰ ਵਜੋਂ ਪਿਆਰ ਭੇਟ ਕਰਦਾ ਹੈ। ਜਿਹੜਾ ਨੁਕਤਾ ਇਸ ਥਾਂ ਸੱਪਸ਼ਟ ਕੀਤਾ ਜਾ ਰਿਹਾ ਹੈ ਉਹ ਹੈ ਕਿ ਗੁਰੂ ਅਰਜਨ (ਦੇਵ ਜੀ) ਨੇ ਇਸੇ ਧਾਰਨਾ ਉਤੇ ਜੋਰ ਦਿੱਤਾ ਜਦੋਂ ਉਹਨਾਂ ਮੂਲ-ਮੰਤਰ ਵਿੱਚ ਇਹ ਸ਼ਬਦ ਸ਼ਾਮਲ ਕੀਤਾ। ( ਫੁਟ ਨੋਟ ਨੰ: ੧੭, ਪੰਨਾ-੯੭)

ਇਹ ਗੱਲ ਪ੍ਰੰਪਰਾ ਦੀ ਮਨੌਤ ਨੂੰ ਵੰਗਾਰਦੀ ਹੈ ਕਿ ਮੂਲ-ਮੰਤਰ ਦਾ ਹੁਣ ਵਾਲਾ ਰੂਪ ਗੁਰੂ ਨਾਨਕ (ਦੇਵ ਜੀ) ਨੇ ਆਪ ਦਿੱਤਾ ਸੀ।

www.AKJ.Org

## ਦੋਸ਼ ਨੰ : ੩

੩–ਦ. ੫–੧.

ਅਜਿਹੀਆਂ ਪੋਥੀਆਂ ; ਜਿਨ੍ਹਾਂ ਵਿਚ ' ਨਾਨਕ ' ਨਾਮ ਹੇਠ ਰਚੀ ਮੀਣਿਆਂ ਦੀ ਕੱਚੀ ਬਾਣੀ ਦਰਜ ਹੈ ਅਤੇ ਜਿਨ੍ਹਾਂ ਦੀ ਪ੍ਰਮਾਣੀਕਤਾ ਬਾਰੇ ਥੀਸਿਸ ਦੇ ਲੇਖਕ ਨੂੰ ਖੁਦ ਸ਼ੰਕਾ ਹੈ, (ਜਿਸ ਦਾ ਸੰਕੇਤ ਥੀਸਿਸ ਦੇ ਪੰਨਾ ੯ ਉਤੇ ਦਿੱਤਾ ਹੋਇਆ ਹੈ) ਨੂੰ ਮੋਹਨ ਪੋਥੀਆਂ ਦਾ ਨਾਂ ਦੇ ਕੇ ਫਿਰ ਉਹਨਾਂ ਨੂੰ ਬੀੜ-ਰਚਨਾ ਦਾ ਮੂਲ-ਅਧਾਰ ਮਿਥ ਕੇ, ਉਹਨਾਂ ਅੰਦਰ ਅੰਕਤ ਕਥਿਤ ਮੂਲ-ਮੰਤਰ (ਜਿਸਦਾ ਸਰੂਪ ਪ੍ਰਮਾਣਿਕ ਬੀੜ ਵਿਚਲੇ ਮੂਲ-ਮੰਤਰ ਤੋਂ ਭਿੰਨ ਹੈ) ਨੂੰ ਮੁਢਲਾ ਸ਼ੁਧ-ਰੂਪ ਮੰਨ ਕੇ ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਉਤੇ ਇਸ ਵਿੱਚ ਅਦਲਾ ਬਦਲੀ ਦਾ ਦੋਸ਼ ਅਰੋਪਿਆ ਗਿਆ ਹੈ।

੩ –ਦ. ੫. ੨.

ਦੂਜੇ ਪਾਸੇ, ਮੂਲ ਮੰਤਰ ਦੇ ਧੁਰ ਦੇ ਅਵੇਸ਼ ਰੂਪ ਵਿਚ ਅਦਲਾ ਬਦਲੀ ਸਮ-ਕਾਲੀਨ ਪ੍ਰਸਥਿਤੀਆਂ ਦੇ ਪ੍ਰਭਾਵ ਥੱਲੇ ਕੀਤੇ ਜਾਣ ਦਾ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਲਾਂਛਣ ਲਾਇਆ ਗਿਆ ਹੈ।

### ਥੀਸਿਸ ਵਿਚਲੇ ਇਤਰਾਜ਼ ਯੋਗ ਤੱਥ

੪ . ਥ. ਤ.– ੧.

ਕੁਝ ਪ੍ਰਮਾਣ ਮਿਲਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਦੇ ਸਰੂਪ ਦਾ ਧ੍ਰਵੀਕਰਣ (standardisation) ਕਰਨ ਅਤੇ ਇਸ ਤਰ੍ਹਾਂ ਤਿੰਨ ਵਖਰੀਆਂ ਪ੍ਰਚਲਤ ਬੀੜਾਂ ਦੇ ਪਰਸਾਰ ਦੀ ਸੱਮਸਿਆ ਨੂੰ ਹਲ ਕਰਨ ਦਾ ਯਤਨ ਕੀਤਾ। (ਪੰਨਾ-੬੦/੮੦ )

੪. ਥ. ਤ–੨.

ਬਹੁਤ ਸੰਭਵ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਦਿ ਗ੍ਰੰਥ ਦੇ ਪ੍ਰਮਾਣੀਕ ਸਰੂਪ ਤਿਆਰ ਕਰਨ ਦੇ ਸਬੰਧ ਵਿਚ ਪ੍ਰਮੁਖ ਸਿੱਖ ਵਿਦਵਾਨਾਂ ਦੀ ਕੌਂਸਲ ਸਥਾਪਿਤ ਕੀਤੀ ਸੀ । (ਪੰਨਾ-੮੪)

੪. ਥ. ਤ–੩

ਇਹ ਨਵਾਂ ਸਰੂਪ ਦਰ ਅਸਲ ਪ੍ਰਾਥਮਿਕ ਦਮਦਮਾ ਸਰੂਪ ਜਿਹੜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਤਾਰਵੀਂ ਸਦੀ ਵਿਚ ਸੰਗ੍ਰਹਿ ਕੀਤਾ ਗਿਆ ਸੀ ਅਤੇ ਜਿਸਦਾ ਪਰਸਾਰ ਅਠਾਰਵੀਂ ਸਦੀ ਵਿਚ ਗੜ ਬੜ ਦੇ ਸਮੇਂ ਰੁਕ ਗਿਆ ਸੀ, ਉਸ ਦੀ ਹੀ ਸੁਰਜੀਤੀ-ਕਰਨ ਸੀ । ਉਂਜ ਇਸ ਸਰੂਪ ਵਿਚ ਜੈਜਾਵੰਤੀ ਰਾਗ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦੀ ਤਰਤੀਬ ਨਿਸਚਿਤ ਕੀਤੀ ਗਈ ਸੀ । ਕੁਝ ਕੁ ਥਾਵੇਂ ਸਲੋਕਾਂ ਦੀ ਭਾਸ਼ਾ ਵੀ ਸੋਧੀ ਗਈ ਸੀ ।

ਇਕੋ ਇਕ ਸਲੋਕ ਜਿਹੜਾ ਕੁਝ ਪ੍ਰਾਥਮਿਕ ਹਥ-ਲਿਖਤਾਂ ਵਿਚ ਦਸਮ ਪਾਤਸ਼ਾਹ ਨਾਲ ਜੋੜਿਆ ਗਿਆ ਸੀ, ਆਪਣੇ ਰਚਣਹਾਰ ਦੀ ਪਛਾਣ ਗਵਾ ਬੈਠਾ ਅਤੇ ਸ੍ਰੀ ਗੁਰੂ ਤੇਗ ਬਹਾਦਰ (ਜੀ) ਦੇ ਸਲੋਕਾਂ ਦਾ ਭਾਗ ਹੀ ਬਣ ਗਿਆ । ਇਹ ਸ਼ਾਇਦ ਗੁਰੂ ਗੋਬਿੰਦ ਸਿੰਘ (ਜੀ) ਦੀ ਬਾਣੀ-ਰਚਣਹਾਰਤਾ ਨੂੰ ਦਸਮ ਗ੍ਰੰਥ ਦੀ ਬਾਣੀ ਤਕ ਸੀਮਤ ਰਖਣ ਲਈ ਜਾਣ ਬੁਝ ਕੇ ਕੀਤਾ ਗਿਆ ਹੋਵੇ ।

ਇਹ ਸ਼ਾਇਦ ਉਸ ਵੇਲੇ ਦੀ ਸਿੱਖ-ਪਛਾਣ ਦੇ ਮਸਲੇ ਬਾਰੇ ਵਿਚਾਰ-ਚਰਚਾ ਦਾ ਝਾਉਲਾ ਵੀ ਦੇਵੇ, ਉਹ ਇਹ ਕਿ ਆਇਆ ਕੋਈ ਗੁਰੂ ਨਾਨਕ ਦੇਵ ਜੀ ਅਤੇ ਉਸਦੇ ਆਦਿ ਗ੍ਰੰਥ ਵਿਚਲੇ ਉਤਰ ਅਧਿਕਾਰੀਆਂ ਦੀਆਂ ਸਿਖਿਆਵਾਂ ਨੂੰ ਮੰਨਦਾ ਹੈ ਜਾਂ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਵਿਚ ਸ਼ਾਮਲ ਹੁੰਦਾ ਹੈ । (ਪੰਨਾ-੮੫-੮੬)

www.AKJ.Org

## ਦੋਸ਼ ਨੰ: ੪

੪–ਦ. ੫–੧.

ਇਤਿਹਾਸ ਅਤੇ ਰਵਾਇਤ ਦੋਹਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ, ਜਿਸ ਵਿਚ ਨੌਂਵੇਂ ਪਾਤਸ਼ਾਹ ਜੀ ਦੀ ਬਾਣੀ ਸ਼ਾਮਲ ਕੀਤੀ ਗਈ । ਇਹ ਦਮਦਮੀ ਸ਼ਾਖ ਦੇ ਨਾਂ ਨਾਲ ਪ੍ਰਸਿਧ ਹੋਈ । ਦਸਮ ਪਾਤਸ਼ਾਹ ਜੀ ਨੇ ਆਪਣੀ ਬਾਣੀ ਇਸ ਵਿਚ ਕਿਉਂ ਨ ਚੜ੍ਹਵਾਈ, ਇਹ ਗੁਰੂ ਕੀ ਗੁਰੂ ਜਾਣੈ ।

੪–ਦ. ੫–੨.

ਫਿਰ ਲੇਖਕ ਉਪਰੋਕਤ ਤੱਥ ਨੂੰ ਨਜ਼ਰੋਂ ਉਹਲੇ ਕਰਕੇ ਕਿਸੇ ਇਤਿਹਾਸਕ ਹਵਾਲੇ ਤੋਂ ਬਗੈਰ ਹੀ ਕਿਸੇ ਸਾਜ਼ਸ਼ ਅਧੀਨ ਕਪੋਲ-ਕਲਪਨਾ ਕਰਦਾ ਹੈ :-

੧. ਸੰਭਵ ਹੈ ਮਹਾਰਾਜਾ ਰਣਜੀਤ ਸਿੰਘ ਨੇ ਪ੍ਰਮੁਖ ਸਿੱਖ ਵਿਦਵਾਨਾਂ ਦੀ ਕੌਂਸਲ ਸਥਾਪਿਤ ਕਰਕੇ ਆਦਿ ਗ੍ਰੰਥ ਦਾ ਇਕ ਪ੍ਰਮਾਣੀਕ ਸਰੂਪ ਤਿਆਰ ਕਰਵਾਇਆ ਹੋਵੇ ।

੨. ਇਸ ਨਵੇਂ ਸਰੂਪ ਵਿਚ ਇਕ ਸਲੋਕ, ਜੋ ਪੁਰਾਤਨ ਹਥ-ਲਿਖਤਾਂ ਵਿਚ ਦਸਮ ਪਾਤਸ਼ਾਹ ਦੇ ਨਾਂ ਨਾਲ ਜੁੜਿਆ ਹੋਇਆ ਸੀ, ਉਹ ਨੌਂਵੇਂ ਪਾਤਸ਼ਾਹ ਦੇ ਸਲੋਕਾਂ ਵਿਚ ਸਮੋਂ ਦਿਤਾ ਗਿਆ । ਅਜਿਹਾ ਕੁਝ ਜਾਣ ਬੁਝ ਕੇ ਕੀਤਾ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ-ਰਚਣਹਾਰਤਾਂ ਨੂੰ ਦਸਮ ਗ੍ਰੰਥ ਦੀ ਬਾਣੀ ਤਕ ਸੀਮਤ ਰਖਿਆ ਜਾਵੇ, ਜਿਸ ਤੋਂ ਸ਼ਾਇਦ ਸਿੱਖ ਪਛਾਣ ਦਾ ਨਿਰਣਾ ਹੋ ਸਕੇ ਕਿ ਕੋਈ ਵਿਅਕਤੀ ਗੁਰੂ ਨਾਨਕ ਦੇਵ ਜੀ ਦੇ ਆਦਿ ਗ੍ਰੰਥ ਵਿਚਲੇ ਉਤਰ ਅਧਿਕਾਰੀਆਂ ਦੀਆਂ ਸਿਖਿਆਵਾਂ ਨੂੰ ਮੰਨਦਾ ਹੈ ਜਾਂ ਗੁਰੂ ਗੋਬਿੰਦ ਜੀ ਦੇ ਖਾਲਸੇ ਵਿਚ ਸ਼ਾਮਲ ਹੁੰਦਾ ਹੈ ।

੪–ਦ. ੫–੩

ਇਹ ਲਿਖਤ ਸਿੱਖ ਪੰਥ ਨੂੰ ਦੋ ਫਿਰਕਿਆਂ, ਇਕ ਪਹਿਲੀਆਂ ਨੌਂ ਪਾਤਸ਼ਾਹੀਆਂ ਦੇ ਅਨੁਸਾਰੀ ਅਤੇ ਦੂਜੇ, ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਵਿਚ ਵੰਡਣ ਅਤੇ ਗੁਰੂ ਪ੍ਰਣਾਲੀ ਨੂੰ ਭਿੰਨ ਭਿੰਨ ਸ਼੍ਰੇਣੀਆਂ ਵਿੱਚ ਵੰਡਣ ਦੀ ਕੋਝੀ ਸਾਜ਼ਸ਼ ਹੈ ।

## ਦੋਸ਼ ਨੰ: ੫

੪–ਦ. ੫–੧

ਥੀਸਿਸ ਵਿੱਚ ਥਾਉਂ ਥਾਈਂ ਸਿੱਖ-ਸਿਧਾਂਤ,, ਸਿੱਖ-ਇਤਿਹਾਸ ਅਤੇ ਗੁਰੂ ਬਾਣੀ- ਦੀ ਪ੍ਰਮਾਣਿਕਤਾ ਬਾਰੇ ਭ੍ਰਾਂਤੀ ਪਾਉਣ ਅਤੇ ਇਸ ਤਰ੍ਹਾਂ ਸਿੱਖ ਧਰਮ ਦੀਆਂ ਜੜ੍ਹਾਂ ਖੋਖਲੀਆਂ ਕਰਨ ਦੀ ਕੋਝੀ ਹਰਕਤ ਕੀਤੀ ਗਈ ਹੈ । ਖੋਜ ਦੇ ਨਾਂ ਥਲੇ, ਜਿਵੇਂ ਜਾਣ ਬੁਝ ਕੇ ਬੇਥਵੀਆਂ ਤੇ ਉਟ ਪਟਾਂਗ ਗੱਲਾਂ ਮਾਰੀਆਂ ਹੋਈਆਂ ਹਨ, ਉਹਨਾਂ ਤੋਂ ਕਿਸੇ ਡੂੰਘੀ ਸਾਜਿਸ਼ ਦਾ ਝਾਉਲਾ ਪੈਂਦਾ ਹੈ ।

## ਥੀਸਿਸ ਵਿਚਲੇ ਇਤਰਾਜ਼ ਯੋਗ ਤੱਥ :–

੪–ਥ. ਤ–੧.

ਕਾਫ਼ੀ ਪ੍ਰਮਾਣ ਮਿਲਦੇ ਹਨ ਕਿ ਭਗਤਾਂ ਦੇ ਕਈ ਸ਼ਬਦ ਕਰਤਾਰਪੁਰ ਵਾਲੀ ਲਿਖਤ ਵਿਚ ਓਦੋਂ ਪਾਏ ਗਏ ਜਦੋਂ ਕਿ ਜਿਲਦ ਬੰਨ੍ਹੀ ਜਾ ਚੁੱਕੀ ਸੀ । ਮਿਸਾਲ ਦੇ ਤੌਰ ਤੇ ਗਉੜੀ ਰਾਗ ਵਿਚ ਪਤਰਾ ੨੭੯/੨ ਉਤੇ (ਭਗਤ) ਰਵਿਦਾਸ

www.AKJ.Org

(ਜੀ) ਦਾ ਸ਼ਬਦ (ਬੇਗਮਪੁਰਾ ਸਹਰ ਕੋ ਨਾਉ) ਅਤੇ ਭਗਤ ਧੰਨਾ ਜੀ ਦਾ ਸ਼ਬਦ (ਗੋਪਾਲ ਤੇਰਾ ਆਰਤਾ) ਧਨਾਸਰੀ ਰਾਗ ਵਿਚ ਪਤਰਾ ਨੰ: ੫੧੯/੨ ਉਤੇ ਚੋਖਾ ਚਿਰ ਪਿਛੋਂ (ਪੰਨਿਆਂ ਦੇ) ਹਾਸ਼ੀਏ ਵਿਚ ਜਾ ਕੇ ਦਰਜ ਕੀਤੇ ਗਏ । ਇਸ ਤਰ੍ਹਾਂ (ਇਨ੍ਹਾਂ) ਸ਼ਬਦਾਂ ਨੂੰ ਧਰਮ-ਪੋਥੀ ਵਿਚ ਸ਼ਾਮਲ ਕਰਨ ਤੋਂ ਇਕ ਅਜਿਹੀ ਸਥਿਤੀ ਦਾ ਝਲਕਾਰਾ ਪੈਂਦਾ ਹੈ ਜਿਸ ਵਿਚ ਉਹਨਾਂ ਭਗਤਾਂ ਦੇ ਪਿਛਲੱਗ (ਜਟ ਅਤੇ ਚਮਿਆਰ) ਵਡੀ ਗਿਣਤੀ ਵਿਚ ਸਿੱਖੀ ਘੇਰੇ ਵਿਚ ਖਿਚੇ ਗਏ । (ਪੰਨਾ-੨੯)

### ੪-ਥ. ਤ-੨ (ੳ)

ਗੁਰਤਾ ਦੇ ਇਕ-ਜੋਤਿ ਹੋਣ ਦੇ ਸੰਕਲਪ ਦੀ ਦ੍ਰਿੜਤਾ ਲਈ ਗੁਰੂ ਅਰਜਨ (ਦੇਵ ਜੀ) ਨੇ ਜਾਣ ਬੁਝ ਕੇ ਕੁਝ ਥਾਵਾਂ ਤੇ ਗੁਰੂ ਨਾਨਕ ਦੇਵ ਜੀ ਦੀ ਰਚਨਾ ਵਿਚ ਆਪਣੇ ਸਲੋਕ ਘੁਸੇੜ ਦਿਤੇ । (ਪੰਨਾ-੧੪੪)

### ੪-ਥ. ਤ-੨ (ਅ)

ਗੁਰੂ ਨਾਨਕ ਦੇਵ ਜੀ ਦੇ ਸ਼ਬਦ ਦੇ ਅਰੰਭ ਵਿਚ ਗੁਰੂ ਅਰਜਨ ਦੇਵ ਜੀ ਦੇ ਸਲੋਕ ਦਾ ਵਾਧਾ ਗੁਰਤਾ ਦੀ ਸਿਧਾਂਤਕ ਇਕਸੁਰਤਾ ਦੇ ਮਸਲੇ ਤੇ ਚਾਨਣਾ ਪਾਉਂਦਾ ਹੈ । ਇਹ ਗੁਰੂ ਅਰਜਨ ਦੇਵ ਜੀ ਦੇ ਦਾਅਵੇ ਦੀ ਮਹੱਤਤਾ ਵਲ ਸੰਕੇਤ ਕਰਦਾ ਹੈ ਕਿ ਉਹ ਗੁਰੂ ਨਾਨਕ ਦੇ ਅਧਿਆਤਮਕ ਇਖਤਿਆਰਾਂ ਦਾ ਵਾਰਿਸ ਹਨ । (ਪੰਨਾ-੧੪੭)

### ੫-ਥ. ਤ-੩.

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹਥ ਲਿਖਤ ਨੰ: ੧੨੪੫ ਵਿਚ ਅੰਕਤ ਜਪੁਜੀ ਸਾਹਿਬ ਦੇ ਅੰਤਲੇ ਸਲੋਕ (ਪਉਣ ਗੁਰ੍ਹ ਪਾਣੀ ਪਿਤਾ . . . . . . .) ਦੇ ਇਸ ਦੇ ਸਟੈਂਡਰਡ ਸਰੂਪ ਨਾਲੋ ਕੁਝ ਅਖਰੀ, ਲਗ-ਮਾਤ੍ਰੀ ਅਤੇ ਸ਼ਾਬਦਿਕ ਫਰਕ ਸਬੰਧੀ ਕਈ ਤਰ੍ਹਾਂ ਦੀ ਕਪੋਲ-ਕਲਪਨਾ ਕੀਤੀ ਹੋਈ ਹੈ :-

ਕੁਝ ਵਿਦਵਾਨ ਹਨ (ਮੈਕਲੋਡ) ਜੋ ਇਸ ਸਲੋਕ ਦਾ ਰਚਣਹਾਰ ਗੁਰੂ ਅਗੰਦ ਦੇਵ ਜੀ ਨੂੰ ਮੰਨਦੇ ਹਨ । (ਪੰਨਾ-੧੦੫)

### ੫-ਥ. ਤ-੪.

ਇਸ ਸਲੋਕ ਦੀ, ਸਵੇਰ ਵੇਲੇ ਦੀ ਬਾਣੀ (ਜਪੁ ਜੀ) ਵਿੱਚ ਸ਼ਮੂਲੀਅਤ, ਸ਼ਾਇਦ ਜਾਣ ਬੁਝ ਕੇ ਕੀਤੀ ਗਈ, ਗੁਰਤਾ ਦੀ ਏਕਤਾ ਅਤੇ ਨਿਰੰਤਰਤਾ ਤੇ ਜ਼ੋਰ ਦੇਣ ਲਈ ।. (ਪੰਨਾ-੧੦੯)

### ੫-ਥ. ਤ-੫.

ਸ਼ਾਇਦ ਗੁਰੂ ਨਾਨਕ (ਦੇਵ ਜੀ) ਨੇ ਆਪਣੇ ਉਤਰ-ਅਧਿਕਾਰੀ ਭਾਈ ਲਹਿਣਾ ਜੀ ਨੂੰ ਸਲੋਕ-ਰੂਪ ਵਿਚ ਕਵਿਤਾ ਰਚਣ ਦੀ ਸਿਖਿਆ ਦਿਤੀ ਹੋਵੇ ਅਤੇ ਇਹ ਟ੍ਰੇਨਿੰਗ ਸ਼ਾਇਦ ਉਹਨਾਂ ਨੂੰ ਗੁਰਤਾ ਦੀ ਪਦਵੀ ਦੇਣ ਦਾ ਹੀ ਹਿਸਾ ਹੋਵੇ । ਸ਼ਾਇਦ ਦੋਹਾਂ ਗੁਰੂ ਸਾਹਿਬਾਨ ਨੇ ਜਪੁਜੀ ਦੇ ਅੰਤਮ ਸਲੋਕ ਦੇ ਮੂਲ ਪਾਠ ਉਤੇ ਕੰਮ ਕੀਤਾ ਹੋਵੇ ਅਤੇ ਇਸ ਲਈ ਦੋਹਾਂ ਨੂੰ ਇਸ ਸਲੋਕ ਦੇ ਸਾਂਝੇ ਰਚਣਹਾਰ ਮੰਨਿਆ ਜਾਏ ।

### ੫-ਥ. ਤ-੬

ਏਥੇ ਇਸ ਤੱਥ ਵੱਲ ਧਿਆਨ ਦੇਣਾ ਜ਼ਰੂਰੀ ਹੈ ਕਿ ਗੁਰੂ ਅਮਰਦਾਸ ਜੀ ਦੀ ਰਚਨਾ (ਸ੍ਰੀ) ਅਨੰਦ ਸਾਹਿਬ ਦੀ ਅੰਤਮ ਪਉੜੀ ਗੁਰੂ ਅਰਜਨ ਦੇਵ ਜੀ ਦੀ ਦੇਣ ਹੈ । ਜਿਹੜੀ ਉਹਨਾਂ ਵਲੋਂ ਮੂਲਕ ਰਚਨਾ ਦੇ ਧਰੁਵੀ ਕਰਣ ਸਮੇਂ ਜਾਣ ਬੁਝ ਕੇ, ਗੁਰਤਾ ਸਬੰਧੀ ਏਕਤਾ ਦੀ ਧਾਰਨਾ ਨੂੰ ਦ੍ਰਿੜ ਕਰਾਉਣ ਲਈ ਵਧਾਈ ਗਈ । (ਪੰਨਾ-੧੧੧)

www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੨੯)

ਬਾਲਕ ਕਿਸ਼ੋਰ ਜੋਬਨਾਦਿ ਅਉ ਜਰਾ ਬਿਵਸਥਾ,
ਏਕ ਹੀ ਜਨਮ ਹੋਤ ਅਨਿਕ ਪ੍ਰਕਾਰ ਹੈ ।।
ਜੈਸੇ ਨਿਸਿ ਦਿਨ ਤਿਥਿ ਵਾਰ ਪਛ ਮਾਸ ਰੁਤਿ,
ਚਤੁਰ ਮਾਸ ਤ੍ਰਿਬਧ, ਬਰਖ ਬਿਥਾਰ ਹੈ ।।
ਜਾਗ੍ਰਤ ਸੁਪਨ ਅਉ ਸੁਖੋਪਤਿ ਅਵਸਥਾ ਕੇ,
ਤੁਰੀਆ ਪ੍ਰਗਾਸ ਗੁਰ ਗਿਆਨ ਉਪਕਾਰ ਹੈ,
ਮਾਨਸ ਜਨਮ ਸਾਧ ਸੰਗਿ ਮਿਲਿ ਸਾਧ ਸੰਤ,
ਭਗਤ ਬਿਬੇਕੀ ਜਨ ਬ੍ਰਹਮ ਬੀਚਾਰ ਹੈ।। (੧੫੯)

**ਪਦ ਅਰਥ** : ਕਿਸ਼ੋਰ- ੧੧ ਤੋਂ ੧੫ ਸਾਲ ਦਾ ਬੱਚਾ । ਜੋਬਨਾਦਿ - ਜਵਾਨੀ ਆਦਿਕ। ਔ- ਅਤੇ। ਜਰਾ- ਬੁਢੇਪਾ। ਨਿਸਿ ਦਿਨ - ਰਾਤ ਦਿਨ । ਪਛ-ਪੱਖ । ਮਾਸ- ਮਹੀਨੇ। ਰੁਤਿ- ਰੁਤਾਂ। ਰੁਤਿ ਚਤੁਰ ਮਾਸ ਤ੍ਰਿਬਿਧਿ- ਚਾਰ ਚਾਰ ਮਹੀਨਿਆਂ ਦੀਆਂ ਤਿੰਨ ਤਰ੍ਹਾਂ ਦੀਆਂ ਰੁੱਤਾਂ : ਸਿਆਲ, ਹੁਨਾਲ ਤੇ ਬਰਸਾਤ। ਬਰਖ- ਵਰ੍ਹਾ , ਸਾਲ। ਬਿਥਾਰ- ਵਿਸਥਾਰ। ਸੁਖੋਪਤਿ-ਗੂੜ੍ਹੀ ਨੀਂਦ ਵਾਲੀ ਅਵਸਥਾ।

**ਤੁਰੀਆ ਪ੍ਰਗਾਸ**– ਤੁਰੀਆ ਅਵਸਥਾ ਦੇ ਪ੍ਰਕਾਸ਼ ਵਾਲੀ। ਗੁਰ ਗਿਆਨ ਉਪਕਾਰ- ਸਤਿਗੁਰੂ ਦਾ ਬਖਸ਼ਿਆ ਗਿਆਨ। ਬਿਬੇਕੀ- ਗਿਆਨ-ਵੀਚਾਰੀ।

**ਅਰਥ** : (ਜਿਵੇਂ) ਬਚਪਨ, ਕਿਸ਼ੋਰ ਉਮਰ, ਜਵਾਨੀ ਅਤੇ ਬੁਢੇਪਾ ਆਦਿ ਕਈ ਤਰ੍ਹਾਂ ਦੀਆਂ ਅਵਸਥਾਵਾਂ ਇਕੋ ਜਨਮ ਵਿੱਚ ਹੁੰਦੀਆਂ ਹਨ।

ਜਿਵੇਂ ਰਾਤ, ਦਿਨ, ਤਿਥਾਂ ਵਾਰ, ਪੱਖ, ਮਹੀਨੇ ਅਤੇ ਚਾਰ ਚਾਰ ਮਹੀਨਿਆਂ ਦੀਆਂ ਤਿੰਨ ਰੁੱਤਾਂ ਇਕੋ ਵਰ੍ਹੇ ਦਾ ਖਿਲਾਰਾ ਹੈ।

(ਜਿਵੇਂ) ਜਾਗਣ ਵਾਲੀ, ਸੁਪਨੇ ਵਾਲੀ, ਗੂੜ੍ਹੀ ਨੀਂਦ ਵਾਲੀ ਅਤੇ ਸਤਿਗੁਰੂ ਦੇ ਬਖਸ਼ੇ ਗਿਆਨ ਦੁਆਰਾ ਪ੍ਰਾਪਤ ਹੋਈ ਤੁਰੀਆ ਪਦਵੀ ਦੇ ਪ੍ਰਕਾਸ਼ ਵਾਲੀ- ਇਹ ਸਾਰੀਆਂ (ਵੱਖ ਵੱਖ ) ਅਵਸਥਾਵਾਂ ਹਨ।

( ਇਸੇ ਤਰ੍ਹਾਂ ਹੀ) ਮਨੁਖਾ ਜਨਮ ਪਾ ਕੇ, ਸਾਧ ਸੰਗਤ ਵਿਚ ਮਿਲਿਆਂ, ਬ੍ਰਹਮ ਦੀ ਵਿਚਾਰ( ਭਾਵ, ਨਾਮ ਅਭਿਆਸ ਦੀ ਕੀਤੀ ਘਾਲ- ਕਮਾਈ) ਅਨੁਸਾਰ ਸਾਧੂ, ਸੰਤ, ਭਗਤ ਅਤੇ ਬਿਬੇਕੀ ਜਨ ਹੋਈਦਾ ਹੈ।। ੧੫੯ ।

ਜੈਸੇ ਚਕਈ ਮੁਦਿਤ, ਪੇਖਿ ਪ੍ਰਤਿਬਿੰਬ ਨਿਸਿ,
ਸਿੰਘ ਪ੍ਰਤਿਬਿੰਬ ਦੇਖਿ ਕੂਪ ਮੈ ਪਰਤ ਹੈ ।।
ਜੈਸੇ ਕਾਚ ਮੁਦਰ ਮੈ ਮਾਨਸ ਅਨੰਦ-ਮਈ,
ਸ੍ਵਾਨ ਪੇਖਿ ਆਪਾ ਆਪੁ ਭੂਸ ਕੇ ਮਰਤ ਹੈ ।।
ਜੈਸੇ ਰਵਿ – ਸੁਤ ਜਮ ਰੂਪ ਅਉਧਰਮ ਰਾਇ,
ਧਰਮ ਅਧਰਮ ਕੇ ਭਾਉ ਭੈ ਕਰਤ ਹੈ।।
ਤੈਸੇ ਦੁਰਮਤਿ ਗੁਰਮਤਿ ਕੈ ਅਸਾਧ ਸਾਧ,
ਆਪਾ ਆਪੁ ਚੀਨਤ ਨ, ਚੀਨਤ ਚਰਤ ਹੈ।। ੧੬੦।।

www.AKJ.Org

**ਪਦ ਅਰਥ** : - ਚਕਈ- ਚਕਵੀ। ਮੁਦਿਤ- ਪ੍ਰਸੰਨ ਹੁੰਦੀ। ਪੇਖਿ- ਵੇਖ ਕੇ, ਜਾਣ ਕੇ। ਪ੍ਰਤਿਬਿੰਬ- ਪਰਛਾਵਾਂ। ਨਿਸਿ- ਰਾਤ। ਸਿੰਘ- ਸ਼ੇਰ। ਕੂਪ- ਖੂਹ। ਕਾਚ ਮੰਦਰ- ਕਚ ਦਾ ਮੰਦਰ, ਸ਼ੀਸ਼ ਮਹੱਲ। ਮਾਨਸ- ਮਨੁੱਖ। ਅਨੰਦ -ਮਈ- ਪ੍ਰਸੰਨ, ਖੁਸ਼। ਸ੍ਵਾਨ- ਕੁੱਤਾ। ਭੂਸ- ਭੌਂਕਣਾ । ਰਵਿ -ਸੁਤ- ਸੂਰਜ ਦਾ ਪੁੱਤਰ, ਜਮ। ਧਰਮ ਅਧਰਮ ਕੇ- ਧਰਮੀਆਂ ਅਤੇ ਅਧਰਮੀਆਂ ਵਾਸਤੇ। ਭਾਉ- ਪ੍ਰੇਮ। ਭੈ- ਡਰ। ਗੁਰਮਤਿ- ਸਤਿਗੁਰੂ ਦੀ ਮਤਿ। ਅਸਾਧ - ਖੋਟੇ ਪੁਰਖ, ਦੁਸ਼ਟ। ਸਾਧ- ਸਾਧੂ, ਉਤਮ ਪੁਰਖ। ਚੀਨਤ ਨ- ਨਹੀਂ ਪਛਾਣਦਾ । ਚਰਤ- ਚਰਿਤ । ਚਰਿਤਰ, ਸਰੂਪ।

**ਅਰਥ** :- ਜਿਵੇਂ ਰਾਤ ਨੂੰ ਚਕਵੀ ਆਪਣੇ ਪਰਛਾਵੇਂ ਨੂੰ ( ਆਪਣਾ ਪ੍ਰੀਤਮ ਚਕਵਾ) ਸਮਝ ਕੇ ਪ੍ਰਸੰਨ ਹੁੰਦੀ ਹੈ, ਪਰ ਸ਼ੇਰ ( ਖੂਹ ਦੇ ਪਾਣੀ ਵਿੱਚ) ਆਪਣੇ ਪਰਛਾਵੇਂ ਨੂੰ (ਹੋਰ ਸ਼ੇਰ) ਜਾਣ ਕੇ ਖੂਹ ਵਿੱਚ ਡਿਗਦਾ ਹੈ।

ਜਿਵੇਂ ਸ਼ੀਸ਼ ਮਹੱਲ ਵਿਚ ਮਨੁੱਖ ਅਨੰਦਤ ਹੁੰਦਾ ਹੈ, ਪਰ ਕੁੱਤਾ ( ਸਭ ਪਾਸੇ) ਆਪਣੇ ਆਪ ਨੂੰ ਵੇਖ ਕੇ ਭੌਂਕ ਭੌਂਕ ਮਰਦਾ ਹੈ।

ਜਿਵੇਂ ਸੂਰਜ ਦਾ ਪੁੱਤਰ ਅਧਰਮੀਆਂ ਲਈ ਜਮ-ਰੂਪ ਹੋ, ਡਰ ਦਾ ਕਾਰਨ ਬਣਦਾ ਹੈ, ਪਰ ਧਰਮੀਆਂ ਲਈ ਧਰਮ- ਰਾਜਾ ਹੋ, ਪ੍ਰੇਮ ਕਰਦਾ ਹੈ।

ਤਿਵੇਂ ਹੀ ਖੋਟੇ ਪੁਰਸ਼ ਖੋਟੀ ਮਤਿ ਦੇ ਕਾਰਨ ਆਪਣੇ ਆਪੇ ਦੀ ਪਛਾਣ ਨਹੀਂ ਕਰਦੇ, ਪਰ ਸਾਧੂ ਉਤਮ ਪੁਰਸ਼ ਸਤਿਗੁਰੂ ਦੀ ਮਤਿ ਲੈ ਕੇ ਆਪਣੇ ਨਿਜ ਸਰੂਪ ਦੀ ਪਛਾਣ ਕਰਦੇ ਹਨ। ੧੯੦ ।

**ਜੈਸੇ ਤਉ ਸਲਿਲ ਮਿਲਿ ਬਰਨ ਬਰਨ ਬਿਖੈ,**
**ਜਾਹੀ ਜਾਹੀ ਰੰਗ ਮਿਲੈ ਸੋਈ ਹੁਇ ਦਿਖਾਵਈ।।**
**ਜੈਸੇ ਘ੍ਰਿਤ ਜਾਹੀ ਜਾਹੀ ਪਾਕ ਸਾਕ ਸੰਗ ਮਿਲੈ,**
**ਤੈਸੋ ਤੈਸੋ ਸ੍ਵਾਦ ਰਸ ਰਸਨਾ ਚਖਾਵਈ।।**
**ਜੈਸੇ ਸ੍ਵਾਂਗੀ ਏਕ ਹੁਇ, ਅਨੇਕ ਭਾਂਤਿ ਭੇਖ ਧਾਰੈ,**
**ਜੋਈ ਜੋਈ ਸ੍ਵਾਂਗ ਕਾਛੈ, ਸੋਈ ਤਉ ਕਹਾਵਈ।।**
**ਤੈਸੇ ਚਿਤ ਚੰਚਲ ਚਪਲ ਸੰਗ ਦੋਖ ਲੇਪ,**
**ਗੁਰਮੁਖਿ ਹੋਇ ਏਕ ਟੇਕ ਠਹਿਰਾਵਈ।। ੧੯੧।।**

**ਪਦ ਅਰਥ** : ਸਲਿਲ- ਪਾਣੀ। ਬਰਨ ਬਰਨ ਬਿਖੈ- ਕਈ ਤਰ੍ਹਾਂ ਦੇ ਰੰਗਾਂ ਵਿਚ। ਜਾਹੀ ਜਾਹੀ- ਜਿਸ ਜਿਸ । ਘ੍ਰਿਤ- ਘਿਉ। ਪਾਕ- ਪਕਵਾਨ, ਭੋਜਨ। ਸਾਕ- ਸਾਗ ਭਾਜੀ। ਰਸਨਾ- ਜੀਭ। ਸ੍ਵਾਂਗੀ- ਸਵਾਂਗ ਧਾਰੀ, ਨਟ। ਭੇਖ- ਸਵਾਂਗ। ਕਾਛੈ- ਕਛਦਾ ਹੈ, ਧਰਦਾ ਹੈ। ਚਿਤ ਚੰਚਲ- ਚੰਚਲ ਚਿਤ ਵਾਲੇ। ਚਪਲ ਸੰਗ- ਚੰਚਲ ਪੁਰਖਾਂ ਦੀ ਸੰਗਤ। ਦੋਖ- ਦੋਸ਼, ਪਾਪ । ਲੇਪ - ਲਿਬੜਨਾ.

**ਅਰਥ** : ਜਿਸ ਤਰ੍ਹਾਂ ਕਿ ਪਾਣੀ ਕਈ ਰੰਗਾਂ ਵਿਚ ਮਿਲਦਾ ਹੈ, ਜਿਸ ਜਿਸ ਰੰਗ ਵਿਚ ਮਿਲਦਾ ਹੈ, ਉਹੋ ਉਹੋ ਰੂਪ ਹੋ ਬਣ ਵਿਖਾਦਾਂ ਹੈ।

ਜਿਵੇਂ ਘਿਉ ਜਿਸ ਜਿਸ ਪਕਵਾਨ ਤੇ ਸਾਗ-ਭਾਜੀ ਨਾਲ ਮਿਲਦਾ ਹੈ, ਉਹੋ ਉਹੋ ਜਿਹਾ ਸਵਾਦ ਤੇ ਰਸ ਜੀਭ ਨੂੰ ਚਖਾ ਦੇਂਦਾ ਹੈ।

ਜਿਵੇਂ ਸਵਾਂਗ- ਧਾਰੀ ਇਕ ਹੁੰਦਾ ਹੋਇਆ, ਕਈ ਤਰ੍ਹਾਂ ਦੇ ਸਵਾਂਗ ਧਾਰਦਾ ਹੈ, ਜਿਹੜਾ ਜਿਹੜਾ ਸਵਾਂਗ ਧਾਰਦਾ ਹੈ, ਉਹੋ ਉਹੋ ਅਖਵਾਂਦਾ ਹੈ।


www.AKJ.Org

ਤਿਵੇਂ ਹੀ ਚੰਚਲ -ਚਿਤ ਮਨੁੱਖ, ਚੰਚਲ ਮਨੁੱਖਾਂ ਦੀ ਸੰਗਤ ਵਿਚ ਪਾਪਾਂ ਨਾਲ ਲਿਬੜਦਾ ਹੈ, ਪਰ ਸਤਿਗੁਰੂ ਦਾ ਆਗਿਆਕਾਰੀ ਗੁਰਸਿੱਖ (ਸਤਿਗੁਰੂ ਦੀ ਸੰਗਤ ਕਰਕੇ) ਇਕ ਵਾਹਿਗੁਰੂ -ਅਧਾਰੀ ਹੋ ਜਾਂਦਾ ਹੈ ।। ੧੬੧।

**" ਸਾਗਰ ਮਥਤ ਜੈਸੇ ਨਿਕਸੇ ਅੰਮ੍ਰਿਤ ਬਿਖੁ,**
**ਪਰਉਪਕਾਰ ਨ ਬਿਕਾਰ ਸਮਸਰਿ ਹੈ "**
**ਬਿਖੁ ਅਚਵਤ ਹੋਤ ਰਤਨ ਬਿਨਾਸ ਕਾਲ,**
**ਅਚਏ ਅੰਮ੍ਰਿਤ ਮੂਏ ਜੀਵਤ ਅਮਰ ਹੈ ।।**
**ਜੈਸੇ ਤਾਰੋ ਤਾਰੀ ਏਕ ਲੋਸਟ ਸੈ ਪ੍ਰਗਟ ਹੁਇ,**
**ਬੰਧ ਮੋਖ ਪਦਵੀ ਸੰਸਾਰ ਬਿਸਥਾਰ ਹੈ ।।**
**ਤੈਸੇ ਹੀ ਅਸਾਧ ਸਾਧ ਬਨ ਅਉ ਮਜੀਠ ਗਤਿ,**
**ਗੁਰਮਤਿ ਦੁਰਮਤਿ ਟੇਵ ਸੈ ਨ ਟਰਿ ਹੈ. ।। ੧੬੨।।**

**ਪਦ ਅਰਥ** :- ਸਾਗਰ-ਸਮੁੰਦਰ। ਮਥਤ- ਰਿੜਕਦਿਆਂ। ਨਿਕਸੇ- ਨਿਕਲੇ। ਬਿਖੁ- ਜ਼ਹਿਰ। ਬਿਕਾਰ-ਵਿਗਾੜ। ਸਮਸਰਿ- ਇਕ- ਬਰਾਬਰ। ਅਚਵਤ- ਖਾਂਦਿਆਂ। ਰਤਨ- ਰਤਨ ਵਰਗਾ ਸਰੀਰ। ਬਿਨਾਸ ਕਾਲ- ਅੰਤ ਕਾਲ। ਅਚਏ-ਛਕਣ ਨਾਲ। ਅਮਰ- ਮੌਤ ਰਹਿਤ। ਤਾਰੋ- ਤਾਲਾ, ਜੰਦਰਾ। ਤਾਰੀ- ਕੁੰਜੀ। ਲੋਸਟ- ਲੋਹਾ ਸੈ- ਤੋਂ ਵਿਚੋਂ। ਬੰਧ- ਬੰਧਨ। ਮੋਖ ਪਦਵੀ- ਮੁਕਤੀ, ਖਲਾਸੀ। ਬਿਸਥਾਰ ਹੈ- ਖਿਲਾਰਦੀ, ਦਿੰਦੀ ਹੈ। ਅਸਾਧ- ਮਨਮੁਖ। ਸਾਧ-ਗੁਰਮੁਖ। ਸਨ-ਸਣ। ਗਤਿ- ਗਤੀ, ਵਾਂਗ। ਟੇਵ- ਸੁਭਾਅ, ਵਾਦੀ। ਟਰਿ ਹੈ - ਨਹੀਂ ਟਲਦੀ।

**ਅਰਥ**: ਜਿਸ ਤਰ੍ਹਾਂ ਸਮੁੰਦਰ ਰਿੜਕਿਆਂ ਅੰਮ੍ਰਿਤ ਤੇ ਜ਼ਹਿਰ ਨਿਕਲੇ ( ਇਕੋ ਸਮੁੰਦਰ ਵਿਚੋਂ ਨਿਕਲਣ ਦੇ ਬਾਵਜੂਦ) ਅੰਮ੍ਰਿਤ ਦਾ ਉਪਕਾਰ ਤੇ ਜ਼ਹਿਰ ਦਾ ਵਿਗਾੜ ਇਕੋ ਜਿਹਾ ਨਹੀਂ ਹੈ।

ਜ਼ਹਿਰ ਖਾਧਿਆਂ ਰਤਨ ਵਰਗੇ ਸਰੀਰ ਦਾ ਅੰਤ ਕਾਲ ਹੋ ਜਾਂਦਾ ਹੈ, ਪਰ ਅੰਮ੍ਰਿਤ ਛਕਣ ਨਾਲ ਮੋਇਆ ਹੋਇਆ ਜੀਉ ਕੇ ਅਮਰ ਹੋ ਜਾਂਦਾ ਹੈ। ਜਿਵੇਂ ਜੰਦਰਾ ਤੇ ਕੁੰਜੀ ਇਕੋ ਲੋਹੇ ਤੋਂ ਬਣਦੇ ਹਨ, ਪਰ ਜੰਦਰਾ ਸੰਸਾਰ ਵਿਚ ਬੰਧਨ ਪਾਂਦਾ ਹੈ ਅਤੇ ਕੁੰਜੀ ( ਬੰਧਨ ਤੋਂ) ਖਲਾਸੀ ਦਿੰਦੀ ਹੈ।

ਇਸੇ ਤਰ੍ਹਾਂ ਹੀ ਸਣ( ਰਸੀਰੂਪ ਵਿਚ ਜਕੜਨ ਵਾਲੀ) ਅਤੇ ਮਜੀਠ( ਗੂੜ੍ਹੇ ਲਾਲ ਰੰਗ ਵਿਚ ਰੰਗਣ ਵਾਲੀ) ਦੇ ਸੁਭਾਵ ਵਾਂਗ ਮਨਮੁਖ ਪੁਰਖ ਖੋਟੀ ਮਤਿ ਵਾਲੀ ਵਾਦੀ ਨਹੀਂ ਛਡਦਾ, ਪਰ ਸਾਧੂ ਬ੍ਰਿਤੀ ਵਾਲਾ ਗੁਰਮੁਖ ਜਨ ਗੁਰਮਤੀ ਸੁਭਾਅ ਤੋਂ ਨਹੀਂ ਰੁਕਦਾ । ੧੬੨।।

**ਬਰਖਾ ਸੰਜੋਗ ਮੁਕਤਾਹਲ ਓਰਾ ਪ੍ਰਗਾਸ,**
**ਪਰਉਪਕਾਰੀ ਅਉ ਬਿਕਾਰੀ ਕਹਾਵਈ ।।**
**ਓਰਾ ਬਰਖਤ ਜੈਸੇ ਧਾਨ-ਪਾਨ ਕੋ ਬਿਨਾਸ,**
**ਮੁਕਤਾ ਅਨੂਪ ਰੂਪ ਸਭਾ ਸੋਭਾ ਪਾਵਈ ।।**
**ਓਰਾ ਤਉ ਬਿਕਾਰ ਧਾਰਿ ਦੇਖਤ ਬਿਲਾਇ ਜਾਇ,**
**ਪਰਉਪਕਾਰੀ ਮੁਕਤਾ ਜਿਉ ਠਹਿਰਾਵਈ ।।**
**ਤੈਸੇ ਹੀ ਅਸਾਧ ਸਾਧ ਸੰਗਤਿ ਸੁਭਾਵ ਗਤਿ,**
**ਗੁਰਮਤਿ ਦੁਰਮਤਿ ਦੂਰੇ ਨ ਦੁਰਾਵਈ।। ੧੬੩।।**



www.AKJ.Org

**ਪਦ ਅਰਥ** :- ਬਰਖਾ- ਵਰਖਾ, ਬਰਸਾਤ। ਸੰਜੋਗ- ਮੇਲ ਕਰਨਾ। ਮੁਕਤਾਹਲ- ਮੋਤੀ। ਓਰਾ- ਓਲਾ, ਗੜਾ। ਪ੍ਰਗਾਸ- ਉਪਜਣਾ। ਬਿਕਾਰੀ- ਵਿਗਾੜੂ। ਬਰਖਤ- ਵਸਣ ਨਾਲ। ਧਾਨ ਪਾਨ- ਅਨਜਾਨ, ਬਨਾਸਪਤੀ। ਬਿਨਾਸ- ਨਾਸ। ਅਨੂਪ ਰੂਪ- ਸੁੰਦਰ ਰੂਪ। ਬਿਲਾਇ ਜਾਇ- ਨਾਸ ਹੋ ਜਾਂਦਾ ਹੈ। ਜਿਉ- ਜਿਉਂਦਾ ਤਿਉਂ, ਹੂਬਹੂ, ਓਸੇ ਤਰ੍ਹਾਂ। ਅਸਾਧ- ਖੋਟਾ ਪੁਰਖ, ਮਨਮੁਖ । ਸਾਧ-ਭਲਾ ਮਨੁੱਖ, ਗੁਰਮੁਖ । ਦੁਰੈ ਨ ਦੁਰਾਵਈ-ਲੁਕਾਇਆਂ ਲੁਕ ਨਹੀਂ ਸਕਦਾ ।

**ਅਰਥ** : (ਸਵਾਂਤੀ ਨੱਛਤਰ ਵਿੱਚ ਹੋਣ ਵਾਲੀ) ਬਰਖਾ ਦੇ ਸੰਜੋਗ ਨਾਲ ਮੋਤੀ ਅਤੇ ਗੜੇ ਉਪਜਦੇ ਹਨ, (ਇਕੋ ਰੂਪ ਦੇ ਹੁੰਦਿਆਂ) ਮੋਤੀ ਉਪਕਾਰ ਵਾਲਾ ਅਤੇ ਗੜਾ ਵਿਗਾੜ ਕਰਨ ਵਾਲਾ ਕਿਹਾ ਜਾਂਦਾ ਹੈ ।

ਗੜਾ ਵਸਣ ਨਾਲ ਅਨਾਜ ਅਥਵਾ ਬਨਾਸਪਤੀ ਦੀ ਬਰਬਾਦੀ ਹੁੰਦੀ ਹੈ, ਜਦ ਕਿ ਮੋਤੀ ਸੁੰਦਰ ਰੂਪ ਦੇ ਕਾਰਨ ਸਭਾ ਵਿਚ ਸ਼ੋਭਾ ਪਾਂਦਾ ਹੈ ।

ਗੜਾ ਵਿਗਾੜ ਵਾਲਾ ਹੋਣ ਕਰਕੇ ਵੇਖਦਿਆਂ ਵੇਖਦਿਆਂ ਨਾਸ ਹੋ ਜਾਂਦਾ ਹੈ, ਪਰ ਉਪਕਾਰੀ ਮੋਤੀ ਜਿਉਂ ਦਾ ਤਿਉਂ ਸਥਿਰ ਰਹਿੰਦਾ ਹੈ ।

ਇਸੇ ਤਰ੍ਹਾਂ ਹੀ ਖੋਟੇ ਪੁਰਖਾਂ ਅਤੇ ਭਲੇ ਮਨੁੱਖਾਂ ਦੀ ਸੰਗਤ ਦੇ ਸੁਭਾਅ ਦਾ ਪ੍ਰਭਾਵ ਹੈ । ਸਤਿਗੁਰੂ ਦੀ ਦ੍ਰਿੜਾਈ ਉਤਮ ਮਤਿ ਅਤੇ (ਖੋਟੇ ਪੁਰਖਾਂ ਦੀ) ਖੋਟੀ ਮਤਿ (ਕਾਰਨ ਮਲੀਨ ਬੁੱਧੀ) ਲੁਕਾਇਆਂ ਲੁਕ ਨਹੀਂ ਸਕਦੀ ॥ ੧੯੩॥

**ਲਜਾ–ਕੁਲ ਅੰਕਸ ਅਉ, ਗੁਰਜਨ ਸੀਲ ਡੀਲ,**
**ਕੁਲਾ–ਬਧੂ ਬ੍ਰਿਤਿ ਕੈ ਪਤਿਬ੍ਰਤ ਕਹਾਵਈ ॥**
**ਦੁਸਟ ਸਭਾ ਸੰਜੋਗਿ ਅਧਮ ਅਸਾਧ ਸੰਗਿ**
**ਬਹ ਬਿਭਿਚਾਰ ਧਾਰਿ, ਗਨਿਕਾ ਬੁਲਾਵਈ ॥**
**ਕੁਲਾ–ਬਧੂ ਸੁਤ ਕੋ ਬਖਾਨੀਅਤ ਗੋਤ੍ਰਾਚਾਰ,**
**ਗਨਿਕਾ ਸੁਅਨ ਪਿਤਾ ਨਾਮ ਕੋ ਬਤਾਵਈ ॥**
**ਦੁਰਮਤਿ ਲਾਗਿ ਜੈਸੇ ਕਾਗ ਬਨ ਬਨ ਫਿਰੈ,**
**ਗੁਰਮਤਿ ਹੰਸ ਏਕ ਟੇਕ ਜਸੁ ਪਾਵਈ ॥ ੧੯੪॥**

**ਪਦ ਅਰਥ** :- ਅੰਕਸ-ਕੁੰਡਾ, ਹਾਥੀ ਨੂੰ ਤੋਰਨ ਵਾਲਾ ਲੋਹੇ ਦਾ ਡੰਡਾ। ਅਉ - ਅਤੇ। ਗੁਰ ਜਨ- ਵਡੇ ਵਡੇਰੇ । ਸੀਲ ਡੀਲ - ਸੀਲ ਸੁਭਾਵ । ਕੁਲਾ ਬਧੂ-ਭਲੇ ਘਰ ਦੀ ਨੂੰਹ । ਦੁਸ਼ਟ ਸਭਾ -ਦੁਸ਼ਟ ਮੰਡਲੀ। ਸੰਜੋਗ-ਮੇਲ ਨਾਲ । ਅਧਮ-ਨੀਚ । ਅਸਾਧ ਸੰਗ-ਪਾਪੀ ਕੁਕਰਮੀਆਂ ਦਾ ਸੰਗ । ਬਿਭਿਚਾਰ-ਬਦਚਲਣੀ ਪਰਾਏ ਪੁਰਖ ਜਾਂ ਪਰਾਈ ਇਸਤ੍ਰੀ ਦਾ ਸੰਗ । ਗਨਿਕਾ-ਵੇਸਵਾ । ਸੁਤ-ਪੁੱਤਰ । ਬਖਾਨੀਅਤ-ਕਹੀ ਜਾਂਦੀ ਹੈ । ਗੋਤ੍ਰਾਚਾਰ-ਬੰਸਪ੍ਰਣਾਲੀ । ਸੁਅਨ- ਪੁੱਤਰ । ਕਾਗ-ਕਾਂ। ਬਨ ਬਨ-ਜੰਗਲ ਜੰਗਲ, ਥਾਂ ਥਾਂ । ਜਸੁ-ਸੋਭਾ ।

**ਅਰਥ** :- ਕੁਲ ਦੀ ਲਜਿਆ ਦਾ ਕੁੰਡਾਂ, ਵਡੇਰਿਆਂ ਦੇ ਸਾਹਮਣੇ ਸੀਲ ਸੁਭਾਵ, ਅਤੇ ਪਤੀਬ੍ਰਤ ਧਰਮ ਨਿਭਾਉਣ ਦੇ ਕਾਰਨ, ਭਲੇ ਘਰ ਦੀ ਨੂੰਹ ਪਤੀਬ੍ਰਤ ਕਹਾਉਂਦੀ ਹੈ ।

(ਦੂਜੇ ਪਾਸੇ ਕੋਈ ਇਸਤ੍ਰੀ) ਦੁਸ਼ਟ-ਮੰਡਲੀ ਦੇ ਮੇਲ ਕਰਕੇ ਅਤੇ ਕੁਕਰਮੀਆਂ ਦੇ ਸੰਗ ਵਿਚ ਬਹੁਤ ਬਦਚਲਣੀ ਕਰਨ ਕਰਕੇ ਵੇਸਵਾ ਸਦਵਾਂਦੀ ਹੈ ।

ਚੰਗੀ ਕੁਲ ਦੀ ਨੂੰਹ ਦੇ ਪੁੱਤਰ ਦੀ ਬੰਸ-ਪ੍ਰਣਾਲੀ ਦਸੀ ਜਾਂਦੀ ਹੈ ਪਰ ਵੇਸਵਾ ਦੇ ਪੁੱਤਰ ਦੇ ਪਿਉ ਦਾ ਨਾਂ ਕੌਣ ਦਸ ਸਕਦਾ ਹੈ ।

ਜਿਵੇਂ ਕਾਗ ਬ੍ਰਿਤੀ ਵਾਲਾ ਮਨਮੁਖ ਖੋਟੀ ਮਤਿ ਵਿਚ ਫਸ ਕੇ ਥਾਂ ਥਾਂ ਭਟਕਦਾ ਫਿਰਦਾ ਹੈ, ਤਿਵੇਂ ਹੰਸ -ਬ੍ਰਿਤੀ ਗੁਰਮੁਖ ਜਨ, ਗੁਰਮਤਿ (ਗੁਰੂ ਦੀ ਸਿਖਿਆ, ਨਾਮ-ਗੁਰ-ਦੀਖਿਆ) ਗ੍ਰਹਿਣ ਕਰਕੇ, ਇਕੋ ਨਾਮ-ਸਿਮਰਨ ਦੀ ਟੇਕ ਸਦਕਾ ਜਸ ਖਟਦਾ ਹੈ ॥


www.AKJ.Org

# ਸੱਚੀ ਪ੍ਰੀਤ

(ਭਾਈ ਨਵਦੀਪ ਸਿੰਘ ਜੀ ਖਾਲਸਾ)

ਮਨ ਤਨ ਨਿਰਮਲ ਅੰਮ੍ਰਿਤ ਵਾਂਗ ਹੁੰਦਾ, ਜੇਕਰ ਪ੍ਰੀਤ ਸਚੇ ਨਾਲ ਲਗ ਜਾਵੇ ।
ਦੁੱਖ ਦਰਦ ਕਲੇਸ਼ ਸਭ ਨੱਠ ਜਾਂਦੇ, ਪ੍ਰੀਤਮ ਪਿਆਰਾ ਜੇ ਹਿਰਦੇ 'ਚਿ ਵਸ ਜਾਵੇ ।
ਝੂਠੇ ਬੰਧਨਾਂ ਦਾ ਘੇਰ ਸਭ ਟੁੱਟ ਜਾਂਦਾ, ਅੰਮ੍ਰਿਤ ਨਾਮ ਜੇ ਗੁਰੂ ਪਾਸੋਂ ਮਿਲ ਜਾਵੇ ।
ਹਿਰਦਾ ਸ਼ੁਧ ਤੇ ਚਿਹਰਾ ਨੂਰੋ ਨੂਰ ਹੁੰਦਾ, ਅਲੌਕਿਕ ਚਾਨਣ ਜਦੋਂ ਸਭ ਥਾਈਂ ਖਿੜ ਜਾਵੇ ।
ਕੋਟ ਖੰਡਾਂ ਬ੍ਰਹਮੰਡਾਂ ਦੀ ਸੋਝੀ ਹੁੰਦੀ, ਜੇਕਰ ਸੁਰਤ ਸ਼ਬਦ' ਚਿ ਟਿਕ ਜਾਵੇ ।
ਸੱਚੀ ਦਰਗਾਹ' ਚਿ ਉਹੀ ਕਬੂਲ ਪੈਂਦਾ, ਮਨ ਤਨ ਜਿਸ ਦਾ ਗੁਰੂ ਕੋਲ ਵਿਕ ਜਾਵੇ ।
ਚੰਦਰਾ ਦੁਖ ਵੀ ਸੁੱਖ ਸਮਾਨ ਹੁੰਦਾ, ਸੇਵਾ ਪੂਰੇ ਗੁਰੂ ਦੀ ਜੇ ਮਿਲ ਜਾਵੇ ।
ਦੁਰਮਤਿ, ਦੁਬਿਧਾ, ਅਗਨ ਦਾ ਨਾਸ਼ ਹੁੰਦਾ, ਸੱਚਾ ਵੈਦ ਜੇ ਰੋਗੀਆਂ ਦਾ ਮਿਲ ਜਾਵੇ ।
ਲੋਕ ਸੁਖੀ ਪਰਲੋਕ ਸੁਹੇਲਾ ਹੁੰਦਾ, ਜਿਹੜਾ ਸਿਖਦਾ ਗੁਰੂ ਦੀ ਮਤਿ ਹੋਵੇ ।
ਭਾਣਾ ਕਰਤੇ ਦਾ ਜਿਸ ਨੂੰ ਮਿੱਠਾ ਲਗੇ, ਸਚੇ ਦਰ ਤੇ ਉਹਦੀ ਪਰਮ ਗਤਿ ਹੋਵੇ ।

# ਹਰਿ ਸਿਮਰਨ

(ਹਰਿ ਸਿਮਰਨ ਮਹਿ ਆਪਿ ਨਿਰੰਕਾਰਾ) (ਮ:-੫)

(ਪ੍ਰੋ: ਹਰਬੰਸ ਸਿੰਘ ਜੀ)

ਸੁਖਮਨੀ ਸਾਹਿਬ ਵਿੱਚ ਲਿਖਿਆ ਹੋਇਆ ਹੈ -

**ਪ੍ਰਭ ਕੈ ਸਿਮਰਨਿ, ਗਰਭਿ ਨ ਬਸੈ।। ਪ੍ਰਭ ਕੈ ਸਿਮਰਨਿ, ਦੂਖੁ ਜਮੁ ਨਸੈ ।**
**ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ।। ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ।।**
**ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ।। ਪ੍ਰਭ ਕੈ ਸਿਮਰਨਿ, ਅਨਦਿਨੁ ਜਾਗੈ ।।**
**ਪ੍ਰਭ ਕੈ ਸਿਮਰਨਿ, ਭਉ ਨ ਬਿਆਪੈ ।। ਪ੍ਰਭ ਕੈ ਸਿਮਰਨਿ, ਦੁਖੁ ਨ ਸੰਤਾਪੈ ।।** (ਪੰਨਾ-੨੬੨)

ਸਿਮਰਨ ਕੀ ਹੈ ਜਿਸ ਸਦਕਾ ਇੰਨੇ ਫਲ ਪ੍ਰਾਪਤ ਹੁੰਦੇ ਹਨ ? ਸਿਮਰਨ ਹੈ ਚਿੰਤਨ, ਯਾਦ ਕਰਨਾ । ਆਪਣੇ ਇਸ਼ਟ ਦਾ ਨਾਮ ਅਥਵਾ ਗੁਣ ਮਨ ਦੀ ਬਿਰਤੀ ਇਕਾਗਰ ਕਰਕੇ ਯਾਦ (ਚੇਤੇ) ਕਰਨਾ । ਅਸੀਂ ਆਪਣੇ ਮਿੱਤਰ ਪਿਆਰੇ ਨੂੰ ਯਾਦ ਕਰਦੇ ਹਾਂ ਉਸ ਦੀ ਸੂਰਤ ਦਾ ਧਿਆਨ ਧਰਕੇ ਜਾਂ ਉਸਦੇ ਗੁਣਾਂ ਨੂੰ ਯਾਦ ਕਰਕੇ । ਜਦੋਂ ਅਸੀਂ ਆਪਣੇ ਪ੍ਰੀਤਮ ਨੂੰ ਯਾਦ ਕਰਦੇ ਹਾਂ ਤਾਂ ਸਾਡੇ ਮਨ ਦੀ ਭਾਵਨਾ ਹੁੰਦੀ ਹੈ ਉਸਦੇ ਮਿਲਾਪ ਦੀ, ਮਿਲਾਪ ਦੀ ਤਾਂਘ ਵਿੱਚ ਬਿਰਹੇ (ਵਿਛੋੜੇ) ਦੇ ਹੰਝੂ ਕਿਰਨ ਲੱਗ ਪੈਂਦੇ ਹਨ । ਜੇ ਸਾਨੂੰ ਉਸਦੇ ਘਰ ਦਾ ਪਤਾ ਲੱਗ ਜਾਵੇ ਤਾਂ ਅਸੀ ਉਸ ਦੇ ਬੂਹੇ ਅਗੇ ਜਾ ਕੁੰਡਾ ਖੜਕਾਉਂਦੇ ਹਾਂ, ਵਾਜਾਂ ਮਾਰਦੇ ਹਾਂ ਕਿ ਬੂਹਾ ਖੋਲੋ, ਬੂਹਾ ਖੋਲੋ । ਅੰਦਰੋਂ ਕੋਈ ਆਵਾਜ਼ ਨਾ ਆਉਣ ਤੇ ਬੂਹੇ ਅਗੇ ਬੈਠ ਜਾਂਦੇ ਹਾਂ ਅਤੇ ਬੂਹਾ ਖੁੱਲ੍ਹਣ ਦੀ ਉਡੀਕ ਵਿੱਚ ਆਪਣੇ ਪ੍ਰੀਤਮ ਦੇ ਗੁਣ ਗਾਣ ਲੱਗ ਜਾਂਦੇ ਹਾਂ, ਉਸਦੀ ਸਿਫਤ ਸਾਲਾਹ


www.AKJ.Org

ਕਰਨ ਲੱਗ ਪੈਂਦੇ ਹਾਂ । ਪ੍ਰੀਤਮ ਦੇ ਦਰਸ਼ਨ ਦੀਦਾਰ ਵਾਸਤੇ ਅਸੀਂ ਨਿੱਤ ਉਠ ਉਸਦੇ ਬੂਹੇ ਅਗੇ ਲੇਲਕੜੀਆਂ ਕੱਢਦੇ ਹਾਂ

**ਢਾਢੀ ਦਰਿ ਪ੍ਰਭ ਮੰਗਣਾ, ਦਰੁ ਕਦੇ ਨ ਛੋੜੇ।। (ਪੰਨਾ-੩੨੩)**

ਗੁਰੂ ਕੇ ਸਿੱਖ ਵਾਸਤੇ ਸਤਿਗੁਰੂ ਜੀ ਦਾ ਐਸਾ ਹੀ ਹੁਕਮ ਹੈ - -

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ।।**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ।। (ਪੰਨਾ-੩੦੫)**

ਭਾਵ ਗੁਰੂ ਕਾ ਸਿੱਖ ਹਰ ਰੋਜ਼ (ਭਲਕੇ) ਉਠਕੇ ਨਾਮ ਧਿਆਉਂਦਾ ਅਰਥਾਤ ਸਿਮਰਨ ਕਰਦਾ ਹੈ, ਨਾਮ ਵਿੱਚ ਧਿਆਨ ਲਗਾਉਂਦਾ ਹੈ, ਸੁਰਤਿ, ਸ਼ਬਦ (ਗੁਰਮੰਤ੍ਰ) ਨਾਲ ਜੋੜਦਾ ਹੈ ਤੇ ਨਾਮ ਰੂਪ ਅੰਮ੍ਰਿਤ ਸਰੋਵਰ (ਅੰਮ੍ਰਿਤਸਰਿ) ਵਿੱਚ ਟੁੱਭੀਆਂ ਲਾਉਂਦਾ ਹੈ ।

ਭਲਕੇ, ਭਾਵ ਪਿਛਲੀ ਰਾਤ ਅੰਮ੍ਰਿਤ ਵੇਲੇ ਗੁਰਮੁਖ ਜਨ ਇਸ਼ਨਾਨ ਕਰਕੇ, ਸਾਫ ਸੁਥਰੇ ਬਸਤਰ ਪਾ ਕੇ ਆਪਣੇ ਪ੍ਰੀਤਮ ਦੇ ਦਰ ਤੇ ਜਾ ਹਾਜ਼ਰ ਹੁੰਦੇ ਹਨ ਅਤੇ ਮੰਗਤਿਆਂ ਵਾਂਗ ਆਵਾਜ਼ਾਂ ਮਾਰਨ ਲੱਗ ਪੈਂਦੇ ਹਨ –

ਵਾਹਿ ਗੁਰੂ ! ਵਾਹਿ ਗੁਰੂ ! ਵਾਹਿ ਗੁਰੂ ! ਸਮਾਧੀ ਲਾ ਕੇ ਬੂਹੇ (ਸੋ ਦਰੁ) ਅਗੇ ਆਪਣੇ ਪ੍ਰੀਤਮ ਦਾ ਧਿਆਨ ਧਰ ਕੇ ਬੈਠ ਜਾਂਦੇ ਹਨ ।

ਪ੍ਰਭੂ ਪ੍ਰੀਤਮ ਦਾ ਤਾਂ ਚੱਕਰ ਚਿਹਨ, ਰੂਪ ਰੰਗ ਰੇਖ ਭੇਖ ਹੀ ਕੋਈ ਨਹੀਂ, ਫਿਰ ਧਿਆਨ ਕਿਸ ਸਰੂਪ ਦਾ ਧਰਿਆ ਜਾਏ ਅਤੇ ਕਿਸ ਦੇ ਮਿਲਾਪ ਦੀ ਇੱਛਾ ਮਨ ਵਿੱਚ ਧਾਰੀ ਜਾਏ ?

ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ - -

**ਗੁਰ ਕੀ ਮੂਰਤਿ ਮਨ ਮਹਿ ਧਿਆਨੁ ।।**
**ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ।।**
**ਗੁਰ ਕੇ ਚਰਨ ਰਿਦੈ ਲੈ ਧਾਰਉ ।।**
**ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ।।੧।। (ਪੰਨਾ-੮੬੪)**

(ਹੇ ਭਾਈ ! ਮੈਂ ਤਾਂ ਗੁਰੂ ਨੂੰ ਪਰਮਾਤਮਾ ਦਾ ਰੂਪ ਜਾਣਕੇ ਉਸ ਨੂੰ ਸਦਾ ਨਮਸਕਾਰ ਕਰਦਾ ਹਾਂ, ਗੁਰੂ ਦੇ ਚਰਨ ਆਪਣੇ ਹਿਰਦੇ ਵਿੱਚ ਲੈ ਕੇ ਵਸਾਈ ਰੱਖਦਾ ਹਾਂ । ਗੁਰੂ ਦੇ ਸ਼ਬਦ ਦੇ ਰਾਹੀਂ ਮੇਰਾ ਮਨ ਨਾਮ-ਮੰਤ੍ਰ (ਗੁਰਮੰਤ੍ਰ) ਨੂੰ ਸਭ ਮੰਤ੍ਰਾਂ ਤੋਂ ਸ੍ਰੇਸ਼ਟ ਮੰਤ੍ਰ ਮੰਨ ਰਿਹਾ ਹੈ । ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤੀ ਹੈ, ਗੁਰੂ ਦੀ ਇਸ ਮੂਰਤੀ ਦਾ ਮੇਰੇ ਮਨ ਵਿਚ ਧਿਆਨ ਟਿਕਿਆ ਰਹਿੰਦਾ ਹੈ ।)

ਭਾਈ ਗੁਰਦਾਸ ਜੀ ਵੀ " ਗੁਰ ਮੂਰਤਿ " ਗੁਰ-ਸ਼ਬਦ ਹੀ ਦਸਦੇ ਹਨ-

**ਗੁਰ ਮੂਰਤਿ ਗੁਰੁ ਸਬਦੁ ਹੈ, ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ, ( ਵਾਰ ੨੪, ਪਉੜੀ-੧੧)**

ਗੁਰਮੁਖ ਜਨ ਭਲਕੇ (ਅੰਮ੍ਰਿਤ ਵੇਲੇ) ਉਠ ਪ੍ਰਭੂ ਪ੍ਰੀਤਮ ਦਾ ਧਿਆਨ ਧਰਕੇ ਉਸਦੇ ਦਰ( ਬੂਹੇ) ਅੱਗੇ ਜਾ ਬੈਠਦੇ ਹਨ। ਪ੍ਰਭੂ ਪ੍ਰੀਤਮ ਦਾ ਦਰ ਕਿਥੇ ਹੈ ? ਭਗਤ ਪੀਪਾ ਜੀ ਦੱਸਦੇ ਹਨ -

**ਜੋ ਬ੍ਰਹਮੰਡੇ, ਸੋਈ ਪਿੰਡੇ, ਜੋ ਖੋਜੈ ਸੋ ਪਾਵੈ।।**
**ਪੀਪਾ ਪ੍ਰਣਵੈ ਪਰਮ ਤਤੁ ਹੈ, ਸਤਿਗੁਰੁ ਹੋਇ ਲਖਾਵੈ ।।੨।।੩।। ( ਪੰਨਾ-੬੯੫ )**



www.AKJ.Org

ਜੋ ਸ੍ਰਿਸ਼ਟੀ ਦਾ ਰਚਨਹਾਰ ਪਰਮਾਤਮਾ ਸਾਰੇ ਬ੍ਰਹਮੰਡ ਵਿੱਚ ਵਿਆਪਕ ਹੈ ਉਹੀ ਮਨੁੱਖਾ ਸ੍ਰੀਰ ਵਿਚ ਹੈ। ਜਿਹੜਾ ਮਨੁੱਖ ਖੋਜ ਕਰਦਾ ਹੈ ਉਹ ਉਸ ਨੂੰ ਲੱਭ ਲੈਂਦਾ ਹੈ ਜੇ ਸਤਿਗੁਰੂ ਮਿਲ ਪਏ ਤਾਂ ਅੰਦਰ ਹੀ ਦਰਸ਼ਨ ਕਰਾ ਦਿੰਦਾ ਹੈ।

ਮਨੁੱਖਾ ਸ੍ਰੀਰ ਅੰਦਰ ਪ੍ਰਭੂ ਪ੍ਰੀਤਮ ਦੇ ਟਿਕਾਣੇਂ ਨੂੰ ਦਸਵਾਂ ਦੁਆਰ ਕਿਹਾ ਗਿਆ ਹੈ। ਗੁਰੂ ਨਾਨਕ ਦੇਵ ਜੀ ਇਸ ਬਾਰੇ ਇਉਂ ਬਿਆਨ ਕਰਦੇ ਹਨ-

**ਦੇਹੀ ਨਗਰੀ ਨਉ ਦਰਵਾਜੇ ।। ਸਿਰਿ ਸਿਰਿ ਕਰਣੈਹਾਰੈ ਸਾਜੇ।।**

**ਦਸਵੈ ਪੁਰਖੁ ਅਤੀਤੁ ਨਿਰਾਲਾ, ਆਪੇ ਅਲਖੁ ਲਖਾਇਆ।।੪।। (ਪੰਨਾ-੧੦੩੯)**

ਸਰੀਰ ( ਦੇਹੀ) ਰੂਪੀ ਪਿੰਡ ( ਨਗਰੀ) ਦੇ ਨੌਂ ਦਰਵਾਜੇ (ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਇਕ ਮੂੰਹ, ਇਕ ਗੁਦਾ ਤੇ ਇਕ ਲਿੰਗ) ਪ੍ਰੱਤਖ ਹਨ। ਇਨ੍ਹਾਂ ਦਰਵਾਜਿਆਂ ਰਾਹੀ ਸਰੀਰ-ਪਿੰਡ / ਸ਼ਹਿਰ ਵਿੱਚ ਵੱਸਣ ਵਾਲੀ ਜੀਵ- ਆਤਮਾ (ਜੀਵਾਤਮਾ) ਬਾਹਰਲੀ ਦੁਨੀਆਂ ਨਾਲ ਆਪਣਾ ਸੰਬੰਧ ਬਣਾਈ ਰੱਖਦੀ ਹੈ, ਇਸ ਸਰੀਰ ਅੰਦਰ ਇਕ ਦਸਵਾਂ ਦੁਆਰ ਵੀ ਹੈ ਜਿਹੜਾ ਗੁਪਤ ਹੈ ਅਤੇ ਇਸ ਵਿਚ ਪਰਮਾਤਮਾ ਆਪ ਟਿਕਦਾ ਹੈ । ਉਹ ਅਦ੍ਰਿਸ਼ਟ ਪ੍ਰਭੂ ਜੀਵ ਨੂੰ ਆਪਣਾ ਆਪ ਖੁਦ (ਆਪ) ਹੀ ਦਿਖਾਉਂਦਾ ਹੈ।

ਦਸਵਾਂ ਦੁਆਰ ਮਨੁੱਖ ਦੇ ਸਿਰ ਵਿਚ ਹੈ, ਕੇਸਾਂ ਦੇ ਜੂੜੇ ਥੱਲੇ ਅਤੇ ਇਸਦਾ ਬੂਹਾ ਖੁੱਲਦਾ ਹੈ ਮੱਥੇ ਵੱਲ , ਭਰਵੱਟਿਆਂ ਦੇ ਵਿਚਕਾਰ, ਉੱਤੇ ਕਰਕੇ। ਸਿਮਰਨ ਵੇਲੇ ਸਾਨੂੰ ਇਸ ਬੂਹੇ ਵਲ ਹੀ ਧਿਆਨ ਰੱਖਣਾ ਚਾਹੀਦਾ ਹੈ। ਤਾਂ ਜੋ ਅਸੀਂ ਬੂਹਾ ਖੁੱਲ੍ਹਦੇ ਸਾਰ ਪ੍ਰਭੂ ਪ੍ਰੀਤਮ ਦੇ ਦਰਸ਼ਨ ਕਰ ਸਕੀਏ ਅਤੇ ਉਸ ਵਲੋਂ ਦਿੱਤੀ ਖੈਰ ਆਪਣੇ ਠੂਠੇ ( ਬਾਟੇ) ਵਿਚ ਪਵਾ ਸਕੀਏ। ਕਿਧਰੇ ਅਜਿਹਾ ਨਾਂ ਹੋਵੇ ਕਿ ਅਸੀਂ ਊਂਘ ਰਹੇ ਹੋਈਏ, ਸਾਡੇ ਹੱਥ ਤਾਂ ਅੱਡੇ ਹੋਏ ਹੋਣ ਪਰ ਬੁੱਕ ਵਿਚ ਵਿਥ ( ਲਾਂਘਾ) ਹੋਵੇ, ਬੁਕ ਵਿਚ ਪਾਈ ਖੈਰ (ਪ੍ਰਸਾਦਿ) ਧਰਤੀ ਤੇ ਹੀ ਡਿਗ ਪਏ -

**ਕਰ ਮਹਿ ਅੰਮ੍ਰਿਤੁ ਆਣਿ ਨਿਸਾਰਿਓ।।**

**ਖਿਸਰਿ ਗਇਓ ਭੂਮ ਪਰਿ ਡਾਰਿਓ।।੨।। (ਪੰਨਾ-੩੯੯)**

ਅਕਾਲ ਪੁਰਖ ਜੋਤਿ ਸਰੂਪ ਹੈ। ਜਗਿਆਸੂ ਦੇ ਮਸਤਕ ਤੇ ਪ੍ਰਭੂ ਪ੍ਰੀਤਮ ਦੀ ਜੋਤਿ ਹੀ ਪ੍ਰਗਟ ਹੁੰਦੀ ਹੈ, ਜਿਸਦਾ ਮੁਕਾਬਲਾ ਕਰੋੜਾਂ ਸੂਰਜ ਵੀ ਨਹੀਂ ਕਰ ਸਕਦੇ।

**ਪ੍ਰਗਟੇ ਗੁਪਾਲ, ਮਹਾਂਤ ਕੈ ਮਾਥੇ।। ਨਾਨਕ, ਉਧਰੇ ਤਿਨ ਕੈ ਸਾਥੇ।।੩।। (ਪੰਨਾ-੨੯੫)**

ਗੋਪਾਲ ਪ੍ਰਭੂ ਜੀ ਉੱਚੀ ਕਰਣੀ ਵਾਲੇ ਮਨੁੱਖ ਦੇ ਮੱਥੇ ਉੱਤੇ ਪ੍ਰਗਟ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਅਜਿਹੇ ਮਨੁੱਖ ਦੇ ਨਾਲ ਹੀ ਹੋਰ ਕਈ ਮਨੁੱਖਾਂ ਦਾ ਉਧਾਰ ਹੋ ਜਾਂਦਾ ਹੈ।

ਦਿਆਲੂ ਪ੍ਰਭੂ ਜਦੋਂ ਦੀਦਾਰ ਬਖਸ਼ਦਾ ਹੈ, ਭਾਵ, ਜਦੋਂ ਮੱਥੇ ਤੇ ਜੋਤਿ ਪ੍ਰਗਟ ਹੁੰਦੀ ਹੈ, ਜਦੋਂ ਦਸਵਾਂ ਦੁਆਰ ਖੁੱਲ੍ਹਦਾ ਹੈ ਤਾਂ ਉਸੇ ਸਮੇਂ ਕਈ ਘਟਨਾਵਾਂ ਵਾਪਰਦੀਆਂ ਹਨ। ਉਹ ਘਟਨਾਵਾਂ ਹਨ-

ੳ) ਅੰਮ੍ਰਿਤ ਦਾ ਚੋਣਾ, ਅ) ਅਨਹਦ ਸ਼ਬਦ ਦਾ ਵੱਜਣਾ, ੲ) ਸ੍ਰੀਰ ਵਿੱਚ ਸੁਗੰਧੀਆਂ ਦਾ ਪੈਦਾ ਹੋਣਾ।

ਦਸਮ ਦੁਆਰ ਵਿਚੋਂ ਅੰਮ੍ਰਿਤ ਚੋਣ ਨਾਲ ਅੰਮ੍ਰਿਤ - ਸਰ ਦਾ ਇਸ਼ਨਾਨ ਹੋ ਜਾਂਦਾ ਹੈ, ਮਨ ਤੇ ਤਨ ਦੀ ਮੈਲ ਲੱਥ ਜਾਂਦੀ ਹੈ, ਰੋਗ ਦੂਰ ਹੋ ਜਾਂਦੇ ਹਨ, ਕਾਇਆ ਕੰਚਨ (ਸੋਨੇ) ਵਰਗੀ ਹੋ ਜਾਂਦੀ, ਸ੍ਰੀਰ ਰੇਸ਼ਮ ਵਰਗਾ ਮੁਲੈਮ ਹੋ ਜਾਂਦਾ ਹੈ ਅਤੇ ਖ਼ੁਸ਼ਬੋ ਮਾਰਨ ਲੱਗ ਪੈਂਦਾ ਹੈ।

ਜੋਤਿ ਪ੍ਰਗਟ ਕਿਵੇਂ ਹੁੰਦੀ ਹੈ, ਅਰਥਾਤ, ਦਸਵਾਂ ਦੁਆਰ ਕਿਵੇਂ ਖੁੱਲ੍ਹਦਾ ਹੈ ? ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਉ ਲਿਖਿਆ ਹੋਇਆ ਹੈ-


www.AKJ.Org

**ਨਉ ਦਰਵਾਜੇ ਕਾਇਆ ਕੋਟੁ ਹੈ, ਦਸਵੈ ਗੁਪਤੁ ਰਖੀਜੈ ।।**
**ਬਜਰ ਕਪਾਟ ਨ ਖੁਲਨੀ, ਗੁਰ ਸਬਦਿ ਖੁਲੀਜੈ।।** (ਪੰਨਾ-੯੫੪)

ਗੁਰ - ਸ਼ਬਦਿ (ਗੁਰਮੰਤ੍ਰ) ਸਦਕਾ ਬੱਜਰ ਕਪਾਟ (ਭੀੜੇ ਬੰਦ ਬੂਹੇ) ਖੁੱਲ੍ਹਦੇ ਹਨ, ਜਿਨ੍ਹਾਂ ਬਾਰੇ ਗੁਰੂ ਅਮਰਦਾਸ ਜੀ ਇਹ ਕੁਝ ਦੱਸਦੇ ਹਨ-

**ਬਿਨੁ ਸਬਦੈ ਅੰਤਰਿ ਆਨੇਰਾ।। ਨ ਵਸਤੁ ਲਹੈ ਨ ਚੂਕੈ ਫੇਰਾ।।**
**ਸਤਿਗੁਰ ਹਥਿ ਕੁੰਜੀ, ਹੋਰਤੁ ਦਰੁ ਖੁਲੈ ਨਾਹੀ, ਗੁਰੁ ਪੂਰੈ ਭਾਗਿ ਮਿਲਾਵਣਿਆ।।੭।।** (ਪੰਨਾ-੧੨੪)

ਗੁਰੂ ਦੇ ਸ਼ਬਦ ਤੋਂ ਬਿਨਾਂ ਮਨੁੱਖ ਦੇ ਹਿਰਦੇ ਵਿੱਚ ਮਾਇਆ ਦੇ ਮੋਹ ਦਾ ਹਨੇਰਾ ਬਣਿਆ ਰਹਿੰਦਾ ਹੈ, ਜਿਸ ਕਰਕੇ ਉਸਨੂੰ ਆਪਣੇ ਅੰਦਰੋ ਨਾਮ ਪਦਾਰਥ ਨਹੀਂ ਲੱਭਦਾ ਅਤੇ ਉਸਦਾ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ। ਬੂਹੇ ਦੀ ਕੁੰਜੀ ਗੁਰੂ ਕੋਲ ਹੈ, ਕਿਸੇ ਹੋਰ ਢੰਗ ਨਾਲ ਉਹ ਬੂਹਾ ਨਹੀਂ ਖੁੱਲ੍ਹਦਾ ਅਤੇ ਗੁਰੂ ਵੀ ਵੱਡੇ ਭਾਗਾਂ ਨਾਲ ਹੀ ਮਿਲਦਾ ਹੈ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ - ਗੱਦੀ ਸੌਂਪ ਦਿੱਤੀ, ਜਿਸ ਸਦਕਾ 'ਨਾਨਕ ਜੋਤਿ' ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆ ਬਿਰਾਜਮਾਨ ਹੋਈ। ਗੁਰ - ਦੀਖਿਆ ਦੇਣ ਦੀ ਜੁਗਤਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕਰਣੀ ਕਮਾਈ ਵਾਲੇ ਪੰਜ ਪਿਆਰਿਆਂ ਨੂੰ ਸੌਂਪੀ ਗਈ ਸੀ। ਗੁਰ - ਸ਼ਬਦ (ਗੁਰ ਮੰਤ੍ਰ) ਦੀ ਪ੍ਰਾਪਤੀ ਵਾਸਤੇ ਸਾਨੂੰ ਅੰਮ੍ਰਿਤ ਛਕਣਾ ਪੈਂਦਾ ਹੈ।

ਧਰਤੀ ਅੰਦਰ ਪਾਣੀ ਹੈ। ਇਸਨੂੰ ਬਾਹਰ ਕੱਢਣ ਵਾਸਤੇ ਨਲਕਾ ਲਗਾਉਣਾ ਪੈਂਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜ ਪਿਆਰੇ ਸ੍ਰੀਰ ਰੂਪੀ ਧਰਤੀ ਵਿੱਚ ਮਾਨੋ ਇੱਕ ਪ੍ਰਕਾਰ ਦਾ ਨਲਕਾ ਲਗਾ ਦਿੰਦੇ ਹਨ, ਜਿਸ ਦੀ ਹੱਥੀ ਨੂੰ ਉੱਪਰ ਥਲੇ ਕਰਨ ਨਾਲ ਧਰਤੀ ਅੰਦਰਲਾ ਪਾਣੀ ਬਾਹਰ ਆ ਜਾਂਦਾ ਹੈ। ਸ੍ਰੀਰ ਦੇ ਦਸਮ ਦੁਆਰ ਵਿੱਚੋਂ ਅੰਮ੍ਰਿਤ ਲੈਣ ਵਾਸਤੇ ਸਾਨੂੰ ਨਲਕਾ ਗੇੜਨਾ ਪੈਂਦਾ ਹੈ, ਭਾਵ, ਨਾਮ ਜਪਣਾ ਪੈਂਦਾ ਹੈ, ਬਾਰੰਬਾਰ ਜਪਣਾ ਪੈਂਦਾ ਹੈ, ਨਿੱਤ - ਦਿਨ ਤੇ ਹਰ ਵੇਲੇ ਜਪਣਾ ਪੈਂਦਾ ਹੈ, ਕਿਉਂਕਿ 'ਸਤਿਗੁਰ ਹਥਿ ਕੁੰਜੀ, ਹੋਰਤੁ ਦਰ ਖੁਲੈ ਨਾਹੀਂ' ਅਤੇ '**ਬਜਰ ਕਪਾਟ ਨ ਖੁਲਨੀ, ਗੁਰ ਸ਼ਬਦਿ ਖੁਲੀਜੈ**।'

ਧਿਆਨ ਸ਼ਬਦ (ਗੁਰਮੰਤ੍ਰ) ਵਿੱਚ ਲੱਗਣ ਨਾਲ 'ਜਾਪ' ਸਿਮਰਨ ਵਿੱਚ ਬਦਲ ਜਾਂਦਾ ਹੈ, ਜੀਭ ਰਾਹੀਂ ਗੁਰਮੰਤ੍ਰ ਦਾ ਉਚਾਰਨ (ਬੈਖਰੀ) ਬੰਦ ਹੋ ਜਾਂਦਾ ਹੈ ਅਤੇ ਸੁਆਸਾਂ ਨਾਲ ਮਿਲ ਕੇ ਉਪਰ ਥੱਲੇ ਗੁਰ ਮੰਤ੍ਰ ਦਾ ਸਿਮਰਨ ਹੋਣ ਲੱਗ ਪੈਂਦਾ ਹੈ।

ਪਹਾੜਾਂ ਵਿਚੋਂ ਥਲੇ ਆਉਂਦਾ ਦਰਿਆ ਛੱਲਾਂ ਮਾਰਦਾ, ਸ਼ੋਰ ਮਚਾਉਂਦਾ ਦੇਖੀ ਸੁਣੀਦਾ ਹੈ । ਮੈਦਾਨਾਂ ਵਿੱਚ ਆਕੇ ਇਸ ਦਾ ਸ਼ੋਰ ਸ਼ਰਾਬਾ ਬੰਦ ਹੋ ਜਾਂਦਾ ਹੈ, ਇਸ ਦਾ ਵਹਾਅ ਇੱਕ-ਸਾਰ ਹੋ ਜਾਂਦਾ ਹੈ, ਸਹਿਜੇ ਸਹਿਜੇ ਸਾਗਰ ਵਲ ਵਧਦਾ ਹੈ । ਸੁਆਸਾਂ ਦੁਆਰਾ ਗੁਰਮੰਤ੍ਰ ਦਾ ਸਿਮਰਨ ਵੀ ਜਗਿਆਸੂ ਨੂੰ ਟਿਕਾਅ (ਸ਼ਾਂਤੀ) ਵਲ ਲੈ ਜਾਂਦਾ ਹੈ । ਕੋਲ ਬੈਠੇ ਬੰਦੇ ਨੂੰ ਪਤਾ ਹੀ ਨਹੀਂ ਲਗਦਾ ਕਿ ਤੁਸੀਂ ਸਿਮਰਨ ਕਰ ਰਹੇ ਹੋ ਜਾਂ ਨਹੀਂ । ਜਿਉਂ ਜਿਉਂ ਅਭਿਆਸ ਵਧਦਾ ਹੈ, ਸੁਆਸਾਂ ਤੋਂ ਸੁਰਤੀ ਦਾ ਸਿਮਰਨ ਸ਼ੁਰੂ ਹੋ ਜਾਂਦਾ ਹੈ । ਸੁਰਤਿ ਸ਼ਬਦ ਵਿੱਚ ਟਿਕਣ ਨਾਲ ਜਗਿਆਸੂ ਦਾ ਸਾਰਾ ਧਿਆਨ ਮਾਇਆ ਦੇ ਰੰਗ ਤਮਾਸ਼ਿਆਂ ਵਿਚੋਂ ਨਿਕਲ ਕੇ ਸ਼ਬਦ (ਗੁਰ ਮੰਤ੍ਰ) ਵਿੱਚ ਲੱਗ ਜਾਂਦਾ ਹੈ ਅਤੇ ਸਹਿਜ ਅਵਸਥਾ ਬਣ ਜਾਂਦੀ ਹੈ ।

ਸਹਿਜ ਅਵਸਥਾ ਵਿੱਚ ਸੁੰਨ ਚੜ੍ਹਨ ਲੱਗ ਪੈਂਦੀ ਹੈ ਅਤੇ ਅਹਿਲ ਚੌਂਕੜੀ ਬੱਝ ਜਾਂਦੀ ਹੈ, ਲੋਕੀ ਇਉਂ ਸਮਝਣ ਲੱਗ ਪੈਂਦੇ ਹਨ ਜਿਵੇਂ ਕੋਈ ਬੁੱਤ ਹੋਵੇ, ਜੀਂਦਾ ਜਾਗਦਾ ਮਨੁੱਖ ਨਾ । ਜਿਸਨੇ ਜੀਉਂਦੇ ਮਰਨਾ ਸਿੱਖ ਲਿਆ, ਸਮਝੋ ਜੀਵਨ ਪਦਵੀ ਪ੍ਰਾਪਤ ਕਰ ਲਈ ।


www.AKJ.Org

**ਜੀਵਤ ਮਰੈ, ਬੁਝੈ ਪ੍ਰਭੁ ਸੋਇ ।। ਤਿਸੁ ਜਨ ਕਰਮਿ ਪਰਾਪਤਿ ਹੋਇ ।।੧।।** (ਪੰਨਾ-੭੪੧)

ਚੇਤੇ ਵਿੱਚ ਸ਼ਬਦ ਵਸਣ ਨਾਲ ਸੁਤਿਆਂ ਪਿਆਂ ਵੀ ਸ਼ਬਦ ਦਾ ਚੇਤਾ ਨਹੀਂ ਭੁਲਦਾ । ਹਰ ਵੇਲੇ ਗੁਰ-ਸ਼ਬਦ ਵਿੱਚ ਹੀ ਧਿਆਨ ਲੱਗਾ ਰਹਿੰਦਾ ਹੈ । ਪ੍ਰਭੂ ਪ੍ਰੀਤਮ ਦੇ ਦੁਆਰ ਨਿਤ ਉਠ ਬੈਠਣ ਸਦਕਾ ਕਿਸੇ ਨਾ ਕਿਸੇ ਦਿਨ ਬੂਹਾ ਖੁੱਲ੍ਹ ਹੀ ਜਾਂਦਾ ਹੈ, ਕਦੇ ਨਾ ਕਦੇ ਪੁਕਾਰ ਸੁਣੀ ਹੀ ਜਾਂਦੀ ਹੈ :- '

**'ਕਬੀਰ ਕੇਸੋ ਕੇਸੋ ਕੂਕੀਐ, ਨ ਸੋਈਐ ਅਸਾਰ ।।**

**ਰਾਤਿ ਦਿਵਸ ਕੇ ਕੂਕਨੇ, ਕਬਹੂ ਕੇ ਸੁਨੈ ਪੁਕਾਰ ।।੨੨੩।।** (ਪੰਨਾ-੧੩੭੬)

ਪੰਛੀਆਂ ਦਾ ਬੋਲਣਾ, ਟਾਂਗੇ-ਜੁੜੇ-ਘੋੜੇ ਦੀ ਟਪ ਟਪ, ਮਸ਼ੀਨਾਂ ਦੀ ਠੱਕ ਠੱਕ, ਹਲਟ ਦੇ ਕੁਤੇ ਦੀ ਟੱਕ ਟੱਕ ਚਲਦੇ ਇੰਜਣ ਦੀ ਧੱਕ ਧੱਕ, ਗੱਡੀ ਦੀ ਫੱਕ ਫੱਕ ਆਦਿ ਸਹਿਜ ਅਵਸਥਾ ਵਿੱਚ ਸਿਮਰਨ ਹੁੰਦਾ ਹੀ ਨਜ਼ਰ ਆਉਂਦਾ ਹੈ । ਇਹ ਧਿਆਨ ਦੇ ਪੱਕਣ ਦੀ ਨਿਸ਼ਾਨੀ ਹੈ । ਜਹਾਜ਼ ਵਿੱਚ ਚੜ੍ਹਨਾ ਹੀ ਮੁਸ਼ਕਲ ਹੈ, ਪਾਸ ਪੋਰਟ ਲੈਣਾ ਪੈਂਦਾ ਹੈ, ਕਰਾਇਆ ਤਾਰਨਾ ਪੈਂਦਾ ਹੈ, ਜਹਾਜ਼ ਦੇ ਚੱਲਣ ਦਾ ਸਮਾਂ ਨੋਟ ਕਰਨਾ ਪੈਂਦਾ ਹੈ । ਜਹਾਜ਼ ਤੇ ਸਵਾਰ ਹੋ ਗਏ ਤਾਂ ਇਸਨੇ ਘੂੰ ਘੂੰ ਕਰਕੇ ਉਡ ਹੀ ਜਾਣਾ ਹੈ । ਸ਼ਬਦ ਰੂਪ ਜਹਾਜ਼ ਤੇ ਸੁਰਤਿ ਰੂਪ ਚੇਲੇ ਦੇ ਸਵਾਰ ਹੋ ਜਾਣ ਤੇ ਪ੍ਰੀਤਮ ਦੇ ਦੇਸ ਪੁੱਜ ਹੀ ਜਾਈਦਾ ਹੈ ।

**ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ ।।**

**ਪ੍ਰਭ ਦੇਖਦਿਆ ਦੁਖ ਭੁਖ ਗਈ, ਢਾਢੀ ਕਉ ਮੰਗਣੁ ਚਿਤਿ ਨ ਆਵੈ ।।**

**ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ ।।**

**ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ ।।੯।।** (ਪੰਨਾ-੧੦੯੭)

ਜੋਤਿ ਸਰੂਪ ਪ੍ਰਭੂ ਤਾਂ ਹੈ ਹੀ, ਫਿਰ ਉਹ ਦਾਤਾਰ ਕਿਹੋ ਜੇਹਾ ਹੈ ਜਿਹੜਾ ਆਪਣੇ ਪਿਆਰੇ ਦੀ ਅਰਜ਼ (ਬੇਨਤੀ) ਸੁਣਕੇ ਸਿਫ਼ਤ ਸਾਲਾਹ ਕਰਨ ਵਾਲੇ ਢਾਢੀ ਨੂੰ ਆਪਣੇ ਮਹਿਲ ਅੰਦਰ ਬੁਲਾਉਂਦਾ ਹੈ ? ਭਗਤ ਨਾਮ ਦੇਵ ਜੀ ਦੱਸਦੇ ਹਨ :-

**ਪਾਨੀ ਮਾਹਿ ਦੇਖੁ ਮੁਖੁ ਜੈਸਾ ।। ਨਾਮੇ ਕੋ ਸੁਆਮੀ ਬੀਠਲੁ ਐਸਾ ।।੨।।੧।।**(ਪੰਨਾ-੧੩੧੮)

ਉਹ ਦਾਤਾਰ ਤੁਹਾਡਾ ਹੀ ਸਰੂਪ ਹੈ, ਜਿਸ ਨੂੰ ਸ੍ਵੈ-ਸਰੂਪ ਕਿਹਾ ਜਾਂਦਾ ਹੈ ਅਤੇ ਜਿਸ ਸਰੀਰ ਰੂਪੀ ਮਹਿਲ ਨੂੰ ਨਿਜ ਘਰ ਦਾ ਨਾਂ ਦਿੱਤਾ ਜਾਂਦਾ ਹੈ । ਕਬੀਰ ਸਾਹਿਬ ਕਹਿੰਦੇ ਹਨ :-

**ਅਬ ਤਉ ਜਾਇ ਚਢੇ ਸਿੰਘਾਸਨਿ, ਮਿਲੇ ਹੈ ਸਾਰਿੰਗਪਾਨੀ ।।**

**ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ ।।੬।।੩।।** (ਪੰਨਾ-੯੬੯)

ਨਿਜ-ਘਰ ਦੀ ਕਥਾ ਅਪਰ ਅਪਾਰ ਹੈ ।

**"ਕਹਿਬੇ ਕਉ ਸੋਭਾ ਨਹੀ, ਦੇਖਾ ਹੀ ਪਰਵਾਨੁ" ।।੧੨੧।।** (ਪੰਨਾ-੧੩੭੦)

ਗੁਰਮੁਖ ਗਾਡੀ-ਰਾਹ ਤੇ ਚਲਦਿਆਂ ਚਲਦਿਆਂ ਜਿਵੇਂ ਗੁਰਮੰਤ੍ਰ ਦਾ ਜਾਪ ਸਿਮਰਨ ਬਣ ਜਾਂਦਾ ਹੈ, ਇਸੇ ਹੀ ਤਰ੍ਹਾਂ ਗੁਰੂ -ਕਿਰਪਾ ਸਦਕਾ ਦਸਮ ਦੁਆਰ ਖੁੱਲ੍ਹਣ ਨਾਲ ਸਿਮਰਨ ਅਨਹਦ ਸ਼ਬਦ ਵਿੱਚ ਪਲਟ ਜਾਂਦਾ ਹੈ । ਇਹ ਫਿਰ ਬਿਨਾਂ ਅਟਕ ਦਿਨ ਰਾਤ ਵੱਜਦਾ ਰਹਿੰਦਾ ਹੈ । ਤੁਹਾਨੂੰ ਇਸ ਅਵਸਥਾ ਵਿੱਚ ਪੁੱਜ ਕੇ ਆਪਣੇ ਕੰਮ ਕਾਰ ਅਤੇ ਸੇਵਾ ਸਿਮਰਨ ਦੇ ਸਮੇਂ ਨੂੰ ਹੀ ਨਿਯਮ-ਬੱਧ ਕਰਨਾ ਪੈਂਦਾ ਹੈ । ਗੱਡੀ ਤੇ ਚੜ੍ਹਨ ਵਾਸਤੇ ਤਿਆਰੀ ਕਰ ਕੇ ਪਲੇਟ ਫਾਰਮ ਤੇ ਹੀ ਪਹੁੰਚਣਾ ਪੈਂਦਾ ਹੈ । ਚੌਂਕੜਾ ਮਾਰ ਕੇ, ਅੱਖਾਂ ਬੰਦ ਕਰਕੇ ਸੁਰਤਿ ਸ਼ਬਦ ਵਿੱਚ ਟਿਕਾਉਣ ਨਾਲ, ਸੁੰਨ ਚੜ੍ਹਨ ਲੱਗ ਪੈਂਦੀ

www.AKJ.Org

ਹੈ ਅਤੇ ਅਨਹਦ ਸ਼ਬਦ ਸਾਫ ਸੁਣਾਈ ਦੇਣ ਲੱਗ ਪੈਂਦਾ ਹੈ । ਅਮਿਉ ਰਸ (ਅੰਮ੍ਰਿਤ) ਦੇ ਝਰਨੇ (ਸੋਮੇ) ਫੁੱਟ ਪੈਣ ਨਾਲ ਬੱਦਲਾਂ ਦੇ ਬਿਨਾਂ ਹੀ ਵਰਖਾ ਹੋਣ ਲੱਗ ਪੈਂਦੀ ਹੈ ।

**ਅਣਮੜਿਆ ਮੰਦਲੁ ਬਾਜੈ ।। ਬਿਨੁ ਸਾਵਣ ਘਨਹਰੁ ਗਾਜੈ ।।**
**ਬਾਦਲ ਬਿਨੁ ਬਰਖਾ ਹੋਈ ।। ਜਉ ਤਤੁ ਬਿਚਾਰੈ ਕੋਈ ।।੧।।** (ਪੰਨਾ-੬੫੭)

ਇਥੋਂ ਤੱਕ ਪਹੁੰਚਣ ਲਈ ਇਨ੍ਹਾਂ ਉਪਰਾਲਿਆਂ ਦੀ ਲੋੜ ਹੈ –

੧. ਖੰਡੇ ਦੀ ਪਾਹੁਲ ਲੈਣਾ, ਅਰਥਾਤ ਅੰਮ੍ਰਿਤ ਛਕਣਾ ।

੨. ਗੁਰਮਤਿ ਰਹਿਤ ਵਿੱਚ ਰਹਿਣਾ ਅਤੇ ਕੁਰਹਿਤਾਂ ਤੋਂ ਬਚਣਾ ।

੩. ਨਾਮ ਜਪਣਾ, ਧਰਮ ਦੀ ਕਿਰਤ ਕਰਨੀ ਅਤੇ ਵੰਡ ਛਕਣਾ ।

ਬਾਣੀ ਪੜ੍ਹਨੀ ਸੁਣਨੀ, ਗਾਉਣੀ, ਵਿਚਾਰਨੀ ਅਤੇ ਪੜ੍ਹ ਸੁਣ ਵਿਚਾਰ ਕੇ ਮਨ ਵਸਾਉਣੀ, ਗੁਰਬਾਣੀ ਅਨੁਸਾਰ ਆਪਣਾ ਜੀਵਨ ਢਾਲਣਾ ।

੪. ਗੁਰੂਦੁਆਰੇ ਸਾਧ ਸੰਗਤਿ ਵਿੱਚ ਹਾਜਰੀ ਭਰਨੀ ਅਤੇ ਯਥਾ-ਸ਼ਕਤਿ ਕੋਈ ਸੇਵਾ ਕਰਨੀ ।

ਮਨ ਨੂੰ ਸੇਵਾ-ਸਿਮਰਨ ਵਿੱਚ ਜੋੜਨ ਵਾਸਤੇ ਸਾਧ ਸੰਗਤਿ ਵਿੱਚ ਬੈਠ ਕੇ ਕੀਰਤਨ ਕਰਨਾ ਜਾਂ ਸੁਣਨਾ ਬਹੁਤ ਸੌਖਾ ਤੇ ਉੱਤਮ ਸਾਧਨ ਹੈ । ਇਸ ਸਬੰਧ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ –

**ਹਰਿ ਕੀਰਤਿ ਸਾਧਸੰਗਤਿ ਹੈ, ਸਿਰਿ ਕਰਮਨ ਕੈ ਕਰਮਾ ।।**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ।।੮।।** (ਪੰਨਾ-੬੪੨)

# ਇਕ ਦੂ ਜੀਭੌ ਲਖ ਹੋਹਿ

(ਭਾਈ ਜੋਗਿੰਦਰ ਸਿੰਘ ਜੀ ਤਲਵਾੜਾ)

ਪ੍ਰਸ਼ਨ : ਇਕ ਸਿੱਖ ਵਿਦਵਾਨ ਜੀ ਸ੍ਰੀ ਜਪੁਜੀ ਸਾਹਿਬ ਦੀ ਪਉੜੀ ਨੰਬਰ ੩੨ ਦੇ ਅਰਥ ਇਸ ਪ੍ਰਕਾਰ ਕਰਦੇ ਹਨ :-

ਇਕ ਹੋਰ ਨਿਸਫਲ ਢੰਗੁ ਜੀਭ ਨਾਲ ਰਾਮ-ਰਟਣ : ' ਕਹਿਐ ਰਾਮ ਨ ਹੋਇ"

੧. ਇਕ ਜੀਭ ਤੋਂ ਲੱਖ ਜੀਭਾਂ ਹੋ ਜਾਣ ਅਤੇ ਲੱਖ ਤੋਂ ਫੇਰ ਵੀਹ ਲੱਖ ਹੋ ਜਾਣ ।

੨. ਇਕ ਇਕ ਜੀਭ ਲੱਖ ਲੱਖ ਵਾਰ ਰਾਮ ਨਾਮ ਦਾ ਗੇੜ ਦੇਵੇ ।

੩. ਏਸ ਰਾਹ ਪੈ ਕੇ ਗੇੜੇ ਨਾਲ ਇਕੀ ਵਾਰ ਪਉੜੀਆਂ ਚੜ੍ਹ ਜਾਈਏ ।

੪. ਇਹ ਕੁਝ ਕਰਨ ਦਾ ਫਲ :- ਅਕਾਸ਼ਾਂ ਦੀਆਂ ਗੱਲਾਂ ਸੁਣ ਕੇ ਹੇਠਲੀ ਕੀੜੀ ਨੂੰ ਰੀਸ ਕਰਨ ਵਾਲੀ ਗੱਲ ਹੋਵੇਗੀ ।

੫. ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਇਹ ਸਭ ਕੂੜੇ ਲੋਕਾਂ ਦੀਆਂ ਕੂੜੀਆਂ ਠੀਸਾਂ ਹਨ, ਕਿਉਂਕਿ 'ਸਤਿ ਪ੍ਰਾਪਤੀ' ਅਕਾਲ ਪੁਰਖ ਦੀ ਮਿਹਰ ਨਾਲ ਹੁੰਦੀ ਹੈ । ਹੋਰ ਕਿਸੇ ਤਰ੍ਹਾਂ ਨਹੀਂ ।

ਕੀ ਤੁਸੀਂ ਉਪਰੋਕਤ ਅਰਥ ਨਾਲ ਸਹਿਮਤ ਹੋ ? ਜੇ ਨਹੀਂ ਤਾਂ ਸੱਪਸ਼ਟ ਕਰੋ ਕਿ ਇਸ ਪਉੜੀ ਵਿੱਚ ਰਸਨਾ ਦੇ ਨਾਮ-ਜਾਪ ਦਾ ਖੰਡਨ ਹੈ ਜਾਂ ਮੰਡਨ ?



www.AKJ.Org

ਉੱਤਰ : ਰਸਨਾ ਦੇ ਨਾਮ-ਜਾਪ ਨੂੰ ਨਿਸਫਲ ਢੰਗ ਗਰਦਾਨਣਾ ਵੱਡੀ ਭੁਲ ਹੈ । ਗੁਰਬਾਣੀ ਵਿੱਚ ਬਾਰ ਬਾਰ ਰਸਨਾ ਦੁਆਰਾ ਨਾਮ-ਜਾਪ ਦੀ ਤਾਕੀਦ ਹੈ :-

(ੳ) **ਰਸਨਾ ਜਪੀਐ ਏਕੁ ਨਾਮ ॥**
**ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ ॥੧॥ ਰਹਾਉ ॥੧੪੬ ॥॥** (ਪੰਨਾ-੨੧੧)

(ਅ) **ਹੇ ਰਸਨਾ ਜਪਿ ਗੋਬਿੰਦੋ**
**ਮੇਰੀ ਜਿੰਦੁੜੀਏ ਜਪਿ ਹਰਿ ਹਰਿ ਤ੍ਰਿਸਨਾ ਜਾਏ ਰਾਮ ॥੬ ॥** (ਪੰਨਾ ੫੪੧)

(ੲ) **ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ॥**
**ਮਾਤ ਪਿਤਾ ਸਾਕ ਅਗਲੇ ਤਿਸੁ ਬਿਨੁ ਅਵਰੁ ਨ ਕੋਇ ॥**
**ਮਿਹਰ ਕਰੇ ਜੇ ਆਪਣੀ ਚਸਾ ਨ ਵਿਸਰੈ ਸੋਇ ॥੧॥੮੯॥** (ਪੰਨਾ-੪੯)

(ਸ) **ਰਸਨਾ ਗੁਨ ਗਾਵੈ ਬੇਅੰਤ ॥ ਮਨ ਮਹਿ ਚਿਤਵੈ ਪੂਰਨ ਭਗਵੰਤ ॥੧੦ ॥** (ਪੰਨਾ-੨੯੯)

(ਹ) **ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥ ਪ੍ਰਭਿ ਅਪਨੈ ਜਨ ਕੀਨੀ ਦਾਤਿ ॥੭॥੧੭॥** (ਪੰਨਾ-੨੮੬)

ਗੁਰਮੁਖ ਜਗਿਆਸੂ ਦੀ ਪ੍ਰਬਲ ਲੋਚਾ ਹੁੰਦੀ ਹੈ ਕਿ ਉਹ ਕੇਵਲ ਇਕ ਰਸਨਾ ਦੁਆਰਾ ਹੀ ਨਹੀਂ, ਸਗੋਂ ਰੋਮ ਰੋਮ ਦੁਆਰਾ ਨਾਮ-ਜਾਪ ਕਰੇ । ਗੁਰਬਾਣੀ ਦੀਆਂ ਹੇਠ ਲਿਖੀਆਂ ਪੰਗਤੀਆਂ ਇਸ ਭਾਵਨੀ ਦੀ ਤਰਜਮਾਨੀ ਕਰਦੀਆਂ ਹਨ :-

(ੳ) **ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥੪ ॥੬॥** (ਪੰਨਾ-੭੮੦)

(ਅ) **ਜਿਹਵਾ ਏਕ ਹੋਇ ਲਖ ਕੋਟੀ, ਲਖ ਕੋਟੀ ਕੋਟਿ ਧਿਆਵੈਗੋ ॥ ੧॥ ਰਹਾਉ॥ ੩॥** (ਪੰਨਾ-੧੩੦੯)

ਸੋ ਵਿਦਵਾਨ ਸੱਜਣ ਵਲੋਂ ਕੀਤੇ ਅਰਥ ਗੁਰਬਾਣੀ ਦੇ ਭਾਵ ਅਨੁਕੂਲ ਨਹੀਂ ਹਨ।

ਪਉੜੀ ਦਾ ਅਰਥ- ਭਾਵ ਇਸ ਪ੍ਰਕਾਰ ਹੈ-

ਗੁਰਮਤਿ-ਮਾਰਗ ਨਾਮ-ਜਾਪ ਦਾ ਮਾਰਗ ਹੈ । ਗੁਰਮਤਿ ਵਿਚ ਊਠਤ ਬੈਠਤ ਸੋਵਤ ਜਾਗਤ, ਸਗੋਂ ਸਾਸਿ ਗਿਰਾਸਿ ਨਾਮ-ਸਿਮਰਨ ਕੀਤੇ ਜਾਣ ਦੀ ਕਰੜੀ ਤਾਕੀਦ ਹੈ -

(ੳ) **ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥੧॥੬੧॥** (੩੮੬)

(ਅ) **ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥੧॥੨੪॥** (ਪੰਨਾ-੨੯੫)

ਨਾਮ-ਜਾਪ ਪਤੀ ਪਰਮੇਸ਼ਰ ਦੇ ਮਿਲਾਪ ਦਾ ਪ੍ਰਮੁਖ ਵਸੀਲਾ ਹੈ । ਪਤੀ ਪਰਮੇਸ਼ਰ ਦੇ ਦਰਸ-ਮਿਲਾਪ ਲਈ ਲਲਸਾਈ ਹੋਈ ਗੁਰਮੁਖ ਜੀਵ-ਇਸਤ੍ਰੀ ਗੁਰੂ ਦਾ ਹੁਕਮ ਮੰਨ ਕੇ ਨਿਰੰਤਰ ਨਾਮ-ਜਾਪ ਵਿਚ ਜੁਟੀ ਰਹਿੰਦੀ ਹੈ । ਜਿਉਂ ਜਿਉਂ ਨਾਮ-ਜਾਪ ਵਿਚ ਮਨ ਜੁੜਦਾ ਹੈ ਤਿਉਂ ਤਿਉਂ ਇਹ ਵਧੇਰੇ ਰਸਦਾਇਕ ਹੁੰਦਾ ਜਾਂਦਾ ਹੈ । ਪ੍ਰਾਇਣ ਹੋਈ ਗੁਰਮੁਖ ਜੀਵ-ਇਸਤ੍ਰੀ ਦੀ ਇਹ ਦਿਲੀ ਤਾਂਘ ਹੁੰਦੀ ਹੈ ਕਿ ਉਸ ਦੇ ਰੋਮ ਰੋਮ ਨੂੰ ਜੀਭਾਂ ਲਗ ਜਾਣ ਅਤੇ ਹਰੇਕ ਰੋਮ ਨਾਲ ਨਾਮ-ਜਾਪ ਜਪ ਕੇ ਨਿਰੰਤਰ ਨਾਮ-ਰਸ ਭੁੰਚਦੀ ਰਵੇ, ਅਤੇ ਉਸ ਦੀ ਸੁਰਤੀ ਸਦਾ ਗਗਨ-ਮੰਡਲ ਵਿਚ ਉਡਾਰੀਆਂ ਮਾਰਦੀ ਰਵ੍ਹੇ ।

www.AKJ.Org

# ਦਰਸਨਿ ਦੇਖਿਐ ਸਭੁ ਦੁਖੁ ਜਾਇ

(ਭੈਰਉ ਮ:-੫) (ਪੰਨਾ-੧੧੪੯)

(ਪ੍ਰਿੰ: ਸੱਜਣ ਸਿੰਘ ਜੀ ਨਵੀਂ ਦਿੱਲੀ-੧੯)

ਗੁਰਮਤਿ ਵਿੱਚ ਵਡਿਆਈ ਦਾ ਸੰਕਲਪ ਵਿੱਲਖਣ ਤੇ ਸਰਬਕਾਲੀ ਹੈ । ਜ਼ਾਤ-ਪਾਤ ਦੀ ਉੱਚਤਾ, ਕਰਮ ਧਰਮ ਦੀ ਵਿਸ਼ੇਸ਼ਤਾ, ਸੰਪਦਾ ਤੇ ਸੰਸਾਰਕ ਐਸ੍ਰਜ ਦੀ ਮਲਕੀਅਤ, ਹੱਠ ਧਰਮੀ, ਤੱਪਸਿਆ, ਜੋਗ ਆਸਣ ਤੇ ਦੀਰਘ ਆਯੂ ਨੂੰ ਅਹਿਮੀਅਤ ਨਹੀਂ ਦਿੱਤੀ ਜਾਂਦੀ । ਏਥੇ ਕੇਵਲ ਗੁਰਮਤਿ ਨਾਮ ਤੇ ਹਰਿ ਕੀਰਤਨ ਪਰਵਾਨ ਹਨ, ਰਿਧਿ ਸਿਧਿ ਤੇ ਚਮਤਕਾਰੀ ਸ਼ਕਤੀਆਂ ਨਹੀਂ । ਕਦਰ ਗੁਣਾਂ ਦੀ ਪੈਂਦੀ ਹੈ, ਲੰਮੀ ਉਮਰ ਦੀ ਨਹੀਂ । ਇਹ ਤੱਤ ਕਹਿਣ ਮਾਤਰ ਨਹੀਂ, ਅਮਲੀ ਤੌਰ ਤੇ ਵੀ ਦਸਾਂ ਗੁਰੂ ਸਾਹਿਬਾਨ ਦਾ ਪੰਜ ਭੂਤਕੀ ਸਰੀਰ ਤੇ ਸਰੀਰਕ ਜੀਵਨ ਇਸ ਦੀ ਪਰੱਤਖ ਬਹੁ ਰੰਗੀ ਤਸਵੀਰ ਹੈ ।

ਛੋਟੀ ਉਮਰ ਦੇ ਬਾਲਕ ਭਗਤ ਧ੍ਰੂਹ ਤੇ ਪ੍ਰਹਿਲਾਦ ਨੇ ਅਕਾਲ ਪੁਰਖ ਦੇ ਸਰਬ ਸ਼ਕਤੀਮਾਨ ਹੋਣ ਦਾ ਜਿਹੜਾ ਪਰਮਾਣ ਦਿੱਤਾ ਹੈ (ਜਾ ਪਰਮਾਤਮਾ ਨੇ ਆਪ ਦਿਲਵਾਇਆ ਹੈ) ਤੇ ਅਕਾਲ ਸੱਤਾ ਦਾ ਪ੍ਰਗਟਾਵਾ ਕੀਤਾ ਹੈ, ਕੋਈ ਵਿਦਵਾਨ ਜਾ ਫਿਲਾਸਫਰ ਪਰਚਾਰ ਜਾ ਕਥਨੀ ਦੁਆਰਾ, ਇਸ ਪਾਇ ਦਾ ਨਹੀਂ ਦੇ ਸਕਦਾ । ਇਤਿਹਾਸ ਦੇ ਪੰਨਿਆਂ ਤੇ ਨਾਮ ਤੇ ਵਿਸ਼ਵਾਸ ਦੇ ਕੌਤਕ ਲਿਖੇ ਕਲਪਨਾ ਜਾਂ ਮਿੱਥ ਨਹੀਂ, ਹਕੀਕਤ ਦੇ ਕ੍ਰਿਸ਼ਮੇ ਹਨ ।

ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ, ਗੁਰੂ ਨਾਨਕ ਜੀ ਦੇ ਅਠਵੇਂ ਵਾਰਸ ਅਖਵਾਉਣ ਦੀ ਦਾਤ, ਜਿਹੜੀ ਕੁਲ, ਵਰਨ, ਜਾਤਿ, ਗੋਤ ਤੋਂ ਸੁਤੰਤਰ ਸੀ, ਧੁਰ ਦਰਗਾਹੋਂ ਲੈ ਕੇ ਆਏ ਸਨ । ਇਹ ਫੁਰਮਾਨ ਪਹਿਲਾਂ ਦਾ ਸੀ, ਉਸ ਤੇ ਅਮਲ ਸਮਾਂ ਪਾ ਕੇ ਹੋਣਾ ਸੀ । ਹਜ਼ੂਰ ਦਾ ਬਚਪਨ, ਸਮਕਾਲੀ ਬੱਚਿਆਂ ਦੀ ਜੀਵਨ ਜੁਗਤੀ ਤੋਂ ਨਿਆਰਾ, ਨਾਮ ਰਸ ਲੀਨਤਾ ਵਿੱਚ ਰੰਗਿਆ, ਪਵਿੱਤਰ, ਵਿਸ਼ੇਸ਼ ਜੁੰਮੇਵਾਰੀ ਦੇ ਅਹਿਸਾਸ ਨਾਲ ਭਰਪੂਰ, ਕਰੁਣਾਮਈ ਤੇ ਪਰਉਪਕਾਰੀ ਭਾਵਨਾ ਦਾ ਅਮਲੀ ਚਿੱਤਰ ਸੀ । ਪੰਜਾਂ ਸਾਲਾਂ ਦੀ ਆਯੂ ਵਿੱਚ ਗੁਰਗੱਦੀ ਤੇ ਬਿਰਾਜਮਾਨ ਹੋਣ ਬਾਅਦ ਆਪ ਨੇ ਉਪਦੇਸ਼ ਦੇਣ, ਗੁਰਮੰਤਰ ਦੀ ਦਾਤ ਬਖਸ਼ਣ ਦੇ ਕਾਰਜ ਨੂੰ ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਜਾਰੀ ਰਖਿਆ ।

ਹਜ਼ੂਰ ਦਾ ਉਪਦੇਸ਼ ਸਰਲ ਪਰ ਜਾਦੂਮਈ ਸੀ । ਇਉਂ ਪਰਤੀਤ ਹੁੰਦਾ ਹੈ ਕਿ ਉਨ੍ਹਾਂ ਦੇ ਬਚਨਾਂ ਦੀ ਨਿਰਮਲ ਧਾਰਾ ਅਥਾਹ ਸਾਗਰ ਤੋਂ ਵਹਿ ਰਹੀ ਹੈ । ਗਿਆਨ ਭਰਪੂਰ ਸ਼ਬਦ ਸ਼ੰਕਿਆ ਦੇ ਟਿਬਿਆਂਨੂੰ ਉਖਾੜ ਕੇ ਰੱਖ ਦਿੰਦੇ ਤੇ ਮਨ ਨੂੰ ਟੋਇਆਂ ਟਿਬਿਆਂ ਤੋਂ ਰਹਿਤ ਬਣਾ ਕੇ ਸਮਤਲ ਕਰ ਦਿੰਦੇ । ਹਜ਼ੂਰ ਨੇ ਤਮਾਕੂ ਦੇ ਸੇਵਨ ਤੋਂ ਵਰਜਿਆ, ਦਲਿਦਰ ਦੂਰ ਕੀਤੇ ਤੇ ਉੱਦਮ ਕਰਨ ਲਈ ਪ੍ਰੇਰਨਾ ਦਿੱਤੀ । ਆਪ ਦੀ ਨਦਰਿ ਰਹਿਮਤ ਜੋ ਕੋਹੜੀ ਤੇ ਪਈ ਤਾਂ ਉਹ ਕੰਚਨ ਵੰਨਾ ਬਣ ਗਿਆ । ਇਸ ਪੱਖ ਦਾ ਵਿਸ਼ੇਸ਼ ਸਬੰਧ ਹੈ, ਇਤਿਹਾਸਕ ਕਰਨੀ ਨਾਲ ਅਰਥਾਤ ਬੰਗਲਾ ਸਾਹਿਬ ਦੀ ਧਰਤੀ ਨੂੰ ਭਾਗ ਲਾ ਕੇ ਹਜ਼ਾਰਾਂ ਰੋਗੀਆਂ ਤੇ ਦੁਖੀਆਂ ਦੇ ਦੁਖ ਦੂਰ ਕਰਦੇ ਜਿਸ ਦਾ ਹਵਾਲਾ ਕਲਗੀਧਰ ਪਾਤਸ਼ਾਹ ਨੇ ਸਾਡੀ ਪਰਵਾਣਤ ਅਰਦਾਸ ਵਿੱਚ ਦਿੱਤਾ ਹੈ । ਐਸੇ ਸਤਿਗੁਰੂ ਦੀ ਦੁੱਖ ਨਿਵਾਰਨ ਦੀ ਸਮਰੱਥਾ ਪੰਚਮ ਪਾਤਸ਼ਾਹ ਦੇ ਇਸ ਸ਼ਬਦ ਨਾਲ ਮੇਲ ਖਾਂਦੀ ਹੈ । **ਕਰਣ ਕਾਰਣ ਸਮਰਥੁ ਗੁਰੁ ਮੇਰਾ ॥ ਜੀਅ ਪ੍ਰਾਣ ਸੁਖਦਾਤਾ ਨੇਰਾ ॥ ਭੈ ਭੰਜਨ ਅਬਿਨਾਸੀ ਰਾਇ ॥ ਦਰਸਨਿ ਦੇਖਿਐ ਸਭੁ ਦੁਖੁ ਜਾਇ ॥੧॥ ਜਤ ਕਤ ਪੇਖਉ ਤੇਰੀ ਸਰਣਾ ॥ ਬਲਿ ਬਲਿ ਜਾਈ ਸਤਿਗੁਰ ਚਰਣਾ ॥੧॥ ਰਹਾਉ ॥ ਪੂਰਨ ਕਾਮ ਮਿਲੇ ਗੁਰਦੇਵ ॥ ਸਭਿ ਫਲਦਾਤਾ ਨਿਰਮਲ ਸੇਵ ॥ ਕਰੁ ਗਹਿ ਲੀਨੇ ਅਪੁਨੇ ਦਾਸ ॥ ਰਾਮ ਨਾਮੁ ਰਿਦ ਦੀਓ ਨਿਵਾਸ ॥੨॥ ਸਦਾ ਅਨੰਦੁ ਨਾਹੀ ਕਿਛੁ ਸੋਗੁ ॥ ਦੂਖੁ ਦਰਦੁ ਨਹ ਬਿਆਪੈ ਰੋਗੁ ॥ ਸਭੁ ਕਿਛੁ ਤੇਰਾ ਤੂ ਕਰਣੈਹਾਰੁ ॥ ਪਾਰਬ੍ਰਹਮ ਗੁਰ ਅਗਮ ਅਪਾਰ ॥੩॥ ਨਿਰਮਲ ਸੋਭਾ ਅਚਰਜ ਬਾਣੀ ॥ ਪਾਰਬ੍ਰਹਮ ਪੂਰਨ ਮਨਿ ਭਾਣੀ ॥ ਜਲਿ ਥਲਿ ਮਹੀਅਲਿ ਰਵਿਆ ਸੋਇ ॥ ਨਾਨਕ ਸਭੁ ਕਿਛੁ ਪ੍ਰਭ ਤੇ ਹੋਇ ॥੪॥੩੪॥੪੭॥** (ਪੰਨਾ-੧੧੪੯)

www.AKJ.Org

ਇਸ ਗੁਰਵਾਕ ਤੋਂ ਸਤਿਗੁਰੂ ਦੇ ਕਾਮਲ ਵੈਦ 'ਭੈ ਭੰਜਨ ਅਘ ਦੂਖ ਨਾਸ" ਸੁਖਦਾਤਾ ਤੇ ਕਰਣ ਕਾਰਣ ਸਮਰਥ ਹੋਣ ਦੀ ਪ੍ਰਤੀਤੀ ਹੁੰਦੀ ਹੈ । ਸਬਾਇਆ ਜਗ ਤਿੰਨ ਵਰਗਾਂ ਦੇ ਦੁੱਖਾਂ, ਅਰਥਾਤ ਆਧਿ, ਬਿਆਧਿ, ਉਪਾਧਿ ਵਿਚ ਗ੍ਰਸਿਆ ਕੁਰਲਾ ਰਿਹਾ ਹੈ ਤੇ ਸਾਧਾਰਣ ਵੈਦ ਇਨ੍ਹਾਂ ਦੁੱਖਾਂ ਦੀ ਵੈਦਗੀ ਕਰਨ ਤੋਂ ਅਸਮਰਥ ਹਨ ਕਿਉਂਕਿ ਉਹ ਆਪ ਸਦੀਵੀ ਸੁੱਖਾਂ ਤੋਂ ਮਹਿਰੂਮ ਹਨ । ਇਸ ਵਿੱਚ ਸ਼ੱਕ ਨਹੀਂ ਕਿ ਇਨ੍ਹਾਂ ਨੂੰ ਕਈ ਵਾਰ ਆਪਣੀ ਬੇਬਸੀ, ਲਾਚਾਰੀ ਤੇ ਸੀਮਾ ਦਾ ਅਹਿਸਾਸ ਹੁੰਦਾ ਹੈ ।

ਜਿਵੇਂ ਮਾਤਾ ਪਿਤਾ ਆਪਣੇ ਬਚੇ ਨੂੰ ਸੱਚੇ ਮਾਰਗਿ ਪਾਉਣ ਲਈ ਝਿੜਕਦੇ ਹਨ, ਭੋਲੇ ਅਨਜਾਣ ਬਾਲਕ ਦੀ ਹਰੇਕ ਮੰਗ ਪੂਰੀ ਨਹੀਂ ਕਰਦੇ ਪਰ ਹੋਰ ਕਿਸੇ ਦਾ ਸਖਤ ਰਵਈਆ ਸਹਿਨ ਨਹੀਂ ਕਰਦੇ ਤਿਵੇਂ ਹੀ ਦਾਤਾਰ ਪਿਤਾ ਆਪਣੇ ਉਪਾਏ ਜੀਵਾਂ ਨੂੰ ਉਨ੍ਹਾਂ ਦੇ ਕਿਰਤ ਕਰਮ ਅਨੁਸਾਰ ਦੁੱਖਾਂ ਸੁੱਖਾਂ ਦੀ ਬਖਸ਼ਸ਼ ਕਰਦੇ ਹਨ । ਪਰ ਹੋਰ ਕਿਸੇ ਬੰਦੇ ਨੂੰ ਅਧਿਕਾਰ ਨਹੀਂ ਦਿੰਦੇ ਕਿ ਉਹ ਕਿਸੇ ਦੁਖਿਆਰੇ ਤੇ ਹੋਰ ਅਤਿਆਚਾਰ ਕਰੇ । ਇਸ ਦ੍ਰਿਸ਼ਟੀਕੋਣ ਤੋਂ ਤੱਕੀਏ ਤਾਂ ਪ੍ਰਤੀਤ ਹੁੰਦਾ ਹੈ ਕਿ ਅਕਾਲ ਪੁਰਖ "**ਸੰਤਨ ਦੁਖ ਪਾਏ ਤੇ ਦੁਖੀ ।। ਸੁਖ ਪਾਏ ਸਾਧਨ ਕੇ ਸੁਖੀ** " ।। (ਕਬਯੋ ਬਾਚ ਬੇਨਤੀ ਚੋਪਈ) ਦੀ ਰੋਸ਼ਨੀ ਵਿੱਚ ਭਲੇ ਪੁਰਸ਼ ਜਾਂ ਨਿਰਦੋਸ਼ ਵਿਅਕਤੀ ਦੇ ਦੁਖੀ ਹੋਣ ਤੇ ਦੁਖੀ ਅਤੇ ਸੁਖੀ ਹੋਣ ਤੇ ਸੁਖੀ ਹੁੰਦਾ ਹੈ । ਦੂਸਰੇ ਸ਼ਬਦਾਂ ਵਿੱਚ ਪ੍ਰਭੂ ਨੂੰ ਉਹ ਜੀਵ ਭਾਉਂਦਾ ਹੈ ਜਿਹੜਾ ਬਾਕੀ ਜੀਵਾਂ ਨਾਲ ਭਲਾਈ ਕਰੇ, ਤੇ ਉਸੇ ਦੇ ਦੁਖ ਕੱਟਣ ਲਈ ਆਪਣਾ ਆਪ ਹਵਾਲੇ ਕਰ ਦੇਵੇ । ਇਹ ਮਹਾਨ ਪਰਉਪਕਾਰੀ ਕਾਰਜ ਹੈ ।

ਬਾਲਾ ਪ੍ਰੀਤਮ ਗੁਰਦੇਵ ਜੀ ਨੇ ਰਾਜਾ ਜੈ ਸਿੰਘ ਦੀ ਬੇਨਤੀ ਪਰਵਾਨ ਕਰਕੇ ਦਿੱਲੀ ਵਿਚ ਆਉਣਾ ਸਵੀਕਾਰ ਕੀਤਾ । ਜਿਸ ਬੰਗਲੇ ਵਿੱਚ ਨਿਵਾਸ ਕੀਤਾ ਉਹ ਹਜ਼ੂਰ ਦੀ ਚਰਨ ਛੂਹ ਸਦਕੇ ਹੁਣ ਗੁਰਦੁਆਰਾ ਬੰਗਲਾ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ । ਏਥੇ ਹਜ਼ੂਰ ਨੇ ਸੇਵਾ, ਤਿਆਗ ਹਮਦਰਦੀ, ਪਿਆਰ, ਸ੍ਵੈਮਾਨ ਤੇ ਪਰਉਪਕਾਰ ਦਾ ਐਸਾ ਬੇਲਾਗ ਨਮੂਨਾ ਪੇਸ਼ ਕੀਤਾ ਜਿਸ ਨੇ ਦਿੱਲੀ ਨਿਵਾਸੀਆਂ ਦੇ ਸੁਤੇ ਭਾਗ ਜਗਾ ਦਿਤੇ । ਉਸ ਸਮੇਂ ਚੇਚਕ ਹੈਜਾ ਆਦਿਕ ਮਾਰੂ ਰੋਗਾਂ ਵਿਚ ਸ਼ੁਮਾਰ ਹੁੰਦੇ ਸਨ । ਦਿੱਲੀ ਵਿੱਚ ਫੈਲੇ ਰੋਗ ਨੇ ਸ਼ਹਿਰ ਵਿਚ ਕੁਰਲਾਹਟ ਮਚਾ ਦਿੱਤੀ । ਇਸ ਦਾ ਇਲਾਜ ਵੈਦਾਂ ਦੀ ਪਹੁੰਚ ਤੋਂ ਪਰੇ ਰਿਹਾ । ਸਤਿਗੁਰੂ ਜੀ ਦਾ ਹੁਕਮ ਹੈ । **ਆਪੇ ਸੁਖੁ ਦੁਖੁ ਦੇਵੈ ਕਰਤਾ ਆਪੇ ਬਖਸ ਕਰੀਜੈ ।।੮।।** (ਪੰਨਾ-੫੫੧)

ਹੁਣ ਦੁੱਖਾਂ ਦੇ ਬੰਧਨ ਕੱਟਣ ਵਾਲਾ ਗੁਣੀ, ਨਿਪੁੰਨ, ਪੂਰਨ ਡਾਕਟਰ ਇਸ ਧਰਤੀ ਤੇ ਬਖਸ਼ਸ਼ ਦਾ ਮੀਂਹ ਵਰਸਾਉਣ ਲਈ ਆ ਬਹੁੜਿਆ । ਪ੍ਰਭੂ ਦੇ ਪਠਾਏ ਮੋਘਲੇ ਨੇ ਕ੍ਰਿਪਾ ਕਰਕੇ ਤਪਤ ਬੁਝਾਉਣੀ ਸ਼ੁਰੂ ਕੀਤੀ । ਦੁਖਿਆਰਿਆਂ ਦੀ ਗਿਣਤੀ ਵਧਣ ਲਗੀ ਤਾਂ ਗੁਰਦੇਵ ਜੀ ਨੇ ਆਪਣੇ ਚਰਨ ਜਲ ਦੇ ਕੁੰਡ ਵਿਚ ਪਾਏ ਜਿਸ ਦੀ ਛੁਹ ਦੇ ਸਦਕੇ ਸਾਰਾ ਜਲ ਨਵਾਂ ਜੀਵਨ ਦੇਣ ਵਾਲੇ ਆਬੇ ਹਯਾਤ (ਅੰਮ੍ਰਿਤ) ਵਿੱਚ ਬਦਲ ਗਿਆ । ਅੰਮ੍ਰਿਤ ਮਈ ਦ੍ਰਿਸ਼ਟੀ ਨੇ ਦੁੱਖਾਂ ਦੇ ਅੰਬਾਰ ਸਾੜਨ ਦੀ ਕਲਾ ਦਿਖਾਈ । ਕਲਪਦੇ ਹਿਰਦੇ ਅਡੋਲ ਹੋ ਗਏ, ਅਤ੍ਰਿਪਤ ਆਤਮਾ ਸ਼ਾਂਤ ਤੇ ਠਰੂਰ ਹੋ ਗਈ, ਅੰਮ੍ਰਿਤ ਨਾਮ ਦੇ ਛਟੇ, ਸੁੱਖਾਂ ਦੇ ਬੂਟੇ ਉਗਾਉਣ ਲਗੇ ।

ਸਤਿਗੁਰੂ ਦੀ ਕੀਰਤੀ ਦਿੱਲੀ ਭਰ ਵਿੱਚ ਫੈਲ ਗਈ । ਸਿੱਖ ਸੰਗਤ, ਗੁਰ ਨਾਨਕ ਨਾਮ ਲੇਵਾ ਤੇ ਹੋਰ ਲੋਕਾਈ, ਦੁੱਖਾਂ ਦੀ ਮਾਰੀ, ਬਾਲਾ ਪ੍ਰੀਤਮ ਸਤਿਗੁਰ ਜੀ ਦੇ ਦਰਸ਼ਨ ਪਰਸਨ ਤੇ ਸਰਸਨ ਹਰਸਨ ਲਈ ਬੰਗਲਾ ਸਾਹਿਬ ਵਲ ਧਾਵਨ ਲਗੀ । ਕੋਈ ਰੋਂਦਾ ਆਉਂਦਾ, ਹੱਸਦਾ ਜਾਂਦਾ, ਕੋਈ ਖਾਲੀ ਆਉਂਦਾ, ਭਰਿਆ ਜਾਂਦਾ । ਅਠਵੇਂ ਨਾਨਕ, ਚਰਨੀ ਢਹਿੰਦਿਆਂ ਦੀ ਪੱਤ ਰੱਖਦੇ । ਉਦਾਰਤਾ ਤੇ ਰਹਿਮਤ ਦਾ ਸੌਦਾ ਬਹੁਤ ਨਿਰਾਲਾ ਸੀ । ਦੁੱਖ ਅਰਪਨ ਕਰਨ ਵਾਲੇ ਦੀਆਂ ਝੋਲੀਆਂ ਸੁੱਖਾਂ ਨਾਲ ਭਰਦੀਆਂ ਤੇ ਉਹ ਜੀਵ ਵਾਪਸ ਜਾਂਦਿਆਂ ਇਸ ਤਰ੍ਹਾਂ ਦੇ ਬਚਨ ਉਚਾਰਦਾਜਾ :-

**ਦਰਸਨੁ ਦੇਖਿ ਸਗਲ ਦੁਖ ਨਾਸਹਿ ਚਰਨ ਕਮਲ ਬਲਿਹਾਰਾ ।।੧।। ਰਹਾਉ (ਪੰਨਾ-੧੨੨੧)**

www.AKJ.Org

# ਜਿਸ ਡਿਠੇ ਸਭਿ ਦੁਖਿ ਜਾਇ

ਪ੍ਰੋਫੈਸਰ ਜੋਗਿੰਦਰ ਸਿੰਘ ਜੀ,
ਮੈਂਬਰ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

'ਜਿਸ ਡਿਠੇ ਸਭਿ ਦੁਖਿ ਜਾਇ' ਇਹ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਚੰਡੀ ਦੀ ਵਾਰ', ਜਿਸ ਨੂੰ 'ਭਗਉਤੀ ਦੀ ਵਾਰ' ਵੀ ਆਖਿਆ ਜਾਂਦਾ ਹੈ, ਦੀ ਪਹਿਲੀ ਪਉੜੀ ਨਾਲ ਹੀ 'ਸਿੱਖ ਅਰਦਾਸ' ਆਰੰਭ ਹੁੰਦੀ ਹੈ। ਜਿਵੇਂ 'ਚੰਡੀ ਦੀ ਵਾਰ' ਨੂੰ ਸਿਰਜਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ 'ਜੋਤਿ' ਦੀਆਂ ਪ੍ਰਤੀਨਿਧ ਤੇ ਪਹਿਲੀਆਂ ਗੁਰੂ - ਸਖਸ਼ੀਅਤਾਂ ਦੀ ਉਸਤਤ ਜਾਂ ਮਹਿਮਾ ਦਰਸਾ ਕੇ, ਦੈਵੀ ਆਦਰਸ਼ਾਂ ਦੀ ਫਤਹਿ ਲਈ, ਬਖਸ਼ਿਸ਼ ਤੇ ਸਹਾਇਕ ਵਰਦਾਨ ਪ੍ਰਾਪਤ ਕੀਤਾ ਹੈ, ਇਸੇ ਤਰ੍ਹਾਂ ਸਮੁੱਚਾ ਸਿੱਖ ਜਗਤ ਗੁਰੂ ਵਿਰਸੇ ਦੇ ਦਰਸ਼ਨ ਦੀਦਾਰ ਲਈ ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਅਨੇਕਾਂ ਸਚਿਆਰ ਗੁਰਸਿੱਖਾਂ ਅਤੇ ਸ਼ਹੀਦਾਂ ਦੀ ਕਮਾਈ ਤੋਂ ਬਖਸ਼ਿਸ਼ ਅਤੇ ਸਹਾਇਕ ਵਰਦਾਨ ਪ੍ਰਾਪਤ ਕਰਨ ਲਈ ਲਗਾਤਾਰ ਪਿਛਲੇ ਤਿੰਨ ਸੌ ਸਾਲ ਤੋਂ ਸਵੇਰੇ ਸ਼ਾਮ, ਅਰਦਾਸ ਦੀ ਭਾਵਨਾ ਵਿਚ ਜੁੜ ਰਿਹਾ ਹੈ। ਚੰਡੀ ਦੀ ਵਾਰ ਦੀ ਜਾਂ ਸਿੱਖ ਅਰਦਾਸ ਦੀ ਭਾਵਨਾ ਪਹਿਲੀ ਪਾਉੜੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤਕ ਪਹਿਲੀਆਂ ਨੌਂ ਗੁਰੂ-ਸ਼ਖਸੀਅਤਾਂ ਦਾ, ਤੱਤ ਰੂਪ ਵਿਚ ਜਾਂ ਸੰਕੇਤ ਰੂਪ ਵਿਚ ਜਿਥੇ 'ਅਧਿਆਤਮਕ-ਮਹਿਮਾ ਪ੍ਰਗਟਾਉ' ਦੀ ਹੈ। ਉਥੇ ਇਸ ਪਉੜੀ ਦੇ ਕੁਝ ਵਾਕ ਅੰਸ਼ ਇਤਿਹਾਸਕ ਤੱਥਾਂ ਨੂੰ ਵੀ ਸੰਭਾਲੀ ਬੈਠੇ ਹਨ।

ਗੁਰੂ - ਸਖਸ਼ੀਅਤਾਂ ਪ੍ਰਥਮ ਰੂਪ ਵਿਚ ਅਧਿਆਤਮਿਕ ਸਨ। ਉਹਨਾਂ ਦੀ ਜੋਤਿ ਤੇ ਜੁਗਤਿ, ਚਿੰਤਨ ਤੇ ਆਦਰਸ਼ ਇਕੋ ਹੀ ਸੀ। ਵਰਣਾਂ, ਉਮਰਾਂ ਤੇ ਜਾਤਾਂ ਦੀ ਬੰਦਸ਼ 'ਗੁਰੂ' ਉਤੇ ਲਾਗੂ ਨਹੀਂ ਹੁੰਦੀ। 'ਗੁਰੂ - ਜੋਤਿ' ਨੇ ਜਿਸ ਹਿਰਦੇ - ਜੋਤਿ ਵਿਚ ਆਪਣੇ ਆਪ ਨੂੰ ਸਮਾ ਲਿਆ, ਉਹ ਸਮੁੱਚੇ ਸਿੱਖ ਜਗਤ ਲਈ 'ਗੁਰੂ' ਪਦ ਨਾਲ ਸ਼ਿੰਗਾਰਿਆ ਤੇ ਸਤਿਕਾਰਿਆ ਗਿਆ। ਸਿੱਖ - ਜਗਤ ਵਿਚ ਪ੍ਰਵਾਨਗੀ ਤੇ ਦੁੱਖ - ਕਲੇਸ਼ ਤੇ ਸੰਕਟ ਹਰਨ ਦੀ ਸਮਰੱਥਾ ਕੇਵਲ 'ਗੁਰੂ' ਕੋਲ ਹੀ ਹੈ - ਕਿਸੇ ਵਿਅਕਤੀ ਜਾਂ ਸਰਕਾਰੀ ਅਧਿਕਾਰੀ ਕੋਲ ਨਹੀਂ। ਸਿੱਖ - ਜਗਤ ਹੀ ਨਹੀਂ, ਸਿੱਖ ਵਿਰਸਾ ਤੇ ਸਿੱਖ ਅਰਦਾਸ ਵੀ ਸਦਾ ਗੁਰੂ - ਕੇਂਦਰਿਤ ਹੀ ਰਹੀ ਹੈ। 'ਗੁਰੂ - ਜੋਤਿ' ਦੀ ਵਿੱਲਖਣਤਾ ਹੀ ਇਹ ਸੀ ਕਿ ਉਹ ਅਧਿਆਤਮਿਕ ਸਰੂਪ ਰੱਖਣ ਦੇ ਬਾਵਜੂਦ ਵੀ ਸਮਾਜਕ ਤੇ ਰਾਜਨੀਤਕ ਸਥਿਤੀਆਂ ਵਿਚ ਪੂਰੀ ਨਿਰਮਲਤਾ ਤੇ ਨਿਡਰਤਾ ਨਾਲ ਵਿਚਰਦੀ ਸੀ। 'ਗੁਰੂ - ਜੋਤਿ' ਅਧਿਆਤਮਿਕ ਮੰਡਲ ਵਿਚ ਜੀਉਂਦੀ ਸੀ ਜਾਂ ਸਮਾਜਕ ਤੇ ਰਾਜਨੀਤਕ ਸਥਿਤੀਆਂ ਵਿਚ ਵਿਚਰਦੀ ਸੀ, 'ਗੁਰੂ - ਜੋਤਿ' ਨੇ ਪ੍ਰਭੂ - ਹੁਕਮਾਂ ਤੇ ਦੈਵੀ ਆਦਰਸ਼ਾਂ ਦੀ ਫ਼ਤਹ ਨੂੰ ਸਦਾ ਪ੍ਰਥਮ ਰਖਿਆ। 'ਜਿਸ ਡਿਠੇ ਸਭਿ ਦੁਖਿ ਜਾਇ' ਵਾਕ - ਅੰਸ਼ ਜਿਥੇ ਅਧਿਆਤਮਿਕ ਦ੍ਰਿਸ਼ਟੀ ਤੋਂ ਦੁੱਖ, ਕਲੇਸ਼ ਤੇ ਸੰਕਟ ਨੂੰ ਨਵਿਰਤ ਕਰਨ ਦੀ ਸਮਰੱਥਾ ਰਖਦਾ ਹੈ, ਉਥੇ ਇਹ ਵਾਕ - ਅੰਸ਼ ਜਦੋਂ ਅਸ਼ਟਮ ਬਲਬੀਰਾ ਸ਼ਖਸੀਅਤ - ਗੁਰੂ ਹਰਿਕ੍ਰਿਸ਼ਨ ਜੀ ਨਾਲ ਜੁੜ ਕੇ ਆਉਂਦਾ ਹੈ, ਤਾਂ ਸਹਿਜੇ ਹੀ ਇਸ ਵਾਕ - ਅੰਸ਼ ਵਿਚ ਭੂਮਿਕਾ ਵਜੋਂ ਛੁਪੀ ਇਤਿਹਾਸਕਤਾ ਵੀ ਪ੍ਰਗਟ ਹੋ ਜਾਂਦੀ ਹੈ।

**ਸ੍ਰੀ ਹਰਿਕ੍ਰਿਸ਼ਨ ਧਿਆਈਐ**
**ਜਿਸ ਡਿਠੇ ਸਭਿ ਦੁਖਿ ਜਾਇ॥**

ਇਹ ਗੁਰੂ ਗੋਬਿੰਦ ਸਿੰਘ ਜੀ ਤੇ ਸਿੱਖ ਅਰਦਾਸ ਦਾ ਇਕ ਐਸਾ ਬੋਲ ਹੈ, ਜਿਹੜਾ ਸਮੁੱਚੇ ਸਿੱਖ ਸੰਸਾਰ ਵਿਚ ਬੜੀ ਸ਼ਰਧਾ ਤੇ ਰਸਿਕਤਾ ਨਾਲ ਪੜ੍ਹਿਆ ਵੀ ਜਾਂਦਾ ਹੈ, ਤੇ ਸਮੁੱਚੀ ਮਾਨਵ ਜਾਤੀ ਦੇ ਦੁੱਖ - ਕਲੇਸ਼ ਤੇ ਸੰਕਟ ਨੂੰ ਨਵਿਰਤ ਕਰਨ ਵਿਚ, ਬਖਸ਼ਿਸ਼ ਰੂਪ ਵਿਚ 'ਸਹਾਇਕ' ਵੀ ਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਰਚਿਤ ਜਾਂ ਸਿੱਖ ਅਰਦਾਸ ਦੀ ਇਸ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨਾਲ 'ਧਿਆਇ', ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ ਤੇ ਗੁਰੂ ਹਰਿਰਾਇ ਜੀ ਨਾਲ 'ਸਿਮਰੌ' ਪਦ ਜੋੜਿਆ ਗਿਆ ਹੈ। ਕੇਵਲ ਗੁਰੂ ਹਰਿਕ੍ਰਿਸ਼ਨ - ਪਾਤਿਸ਼ਾਹ ਦੀ ਇਕੋ ਇਕ ਐਸੀ ਸਖਸ਼ੀਅਤ ਹੈ, ਜਿਸ ਨਾਲ 'ਧਿਆਈਐ' ਪਦ ਵੀ ਜੋੜਿਆ ਗਿਆ

www.AKJ.Org

ਹੈ ਅਤੇ 'ਡਿਠੇ' ਵੀ। 'ਧਿਆਈਐ' ਪਦ ਗੁਰੂ ਹਰਿਕ੍ਰਿਸ਼ਨ - ਪਾਤਿਸ਼ਾਹ ਦੀ 'ਅਧਿਆਤਮਿਕਤਾ' ਨੂੰ ਪ੍ਰਗਟਾਂਦਾ ਹੈ ਤੇ 'ਡਿਠੇ' ਗੁਰੂ ਹਰਿਕ੍ਰਿਸ਼ਨ - ਪਾਤਿਸ਼ਾਹ ਦੀ 'ਇਤਿਹਾਸਕਤਾ' ਨੂੰ। 'ਧਿਆਈਐ' ਤੋਂ ਭਾਵ ਸਪਸ਼ਟ ਹੈ ਕਿ ਗੁਰੂ ਹਰਿਕ੍ਰਿਸ਼ਨ - ਪਾਤਸ਼ਾਹ ਨੂੰ, ਜੋ ਪੰਜ ਸਾਲ ਦੀ ਉਮਰ ਵਿਚ ਵੀ, ਜੋਤਿ ਅਤੇ ਜੁਗਤਿ ਦੀ ਦ੍ਰਿਸ਼ਟੀ ਤੋਂ 'ਗੁਰੂ' ਪਦ ਦੇ ਅਧਿਕਾਰੀ ਸਨ, ਆਪਣੀ ਧਿਆਨ - ਅਵੱਸਥਾ ਦਾ ਕੇਂਦਰ ਬਿੰਦੂ ਬਣਾਨਾ ਚਾਹੀਦਾ ਹੈ। ਕਿਉਂਕਿ ਧਿਆਈਐ ਜਾਂ ਧਿਆਨ - ਅਵੱਸਥਾ ਵਿਚ ਲਿਆਉਣ ਨਾਲ ਹੀ 'ਗੁਰੂ' ਜਾਂ 'ਗੁਰ ਹਰਿਕ੍ਰਿਸ਼ਨ ਜੀ' ਅੰਤਰ - ਆਤਮੇ ਵਿਚ ਸਥਿਰ ਹੋ ਸਕਦੇ ਹਨ। ਜੋ ਅੰਦਰ ਹੈ - ਅਧਿਆਤਮਿਕ ਸਤਾ ਉਤੇ ਉਸ ਨੂੰ ਦੇਖਿਆ ਜਾਂ ਵੇਖਿਆ ਜਾ ਸਕਦਾ ਹੈ। ਗੁਰੂ ਹਰਿਕ੍ਰਿਸ਼ਨ - ਪਾਤਿਸ਼ਾਹ ਨੂੰ ਧਿਆ ਕੇ ਹੀ ਸੰਪੂਰਨ ਰੂਪ ਵਿਚ ਵੇਖਿਆ ਜਾ ਸਕਦਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਹੋਣ ਜਾਂ ਗੁਰੂ ਜੋਤਿ ਤੋਂ ਪ੍ਰਕਾਸ਼ਮਾਨ ਹੋਈਆਂ ਹੋਰ ਗੁਰੂ - ਸ਼ਖਸੀਅਤਾਂ ਹੋਣ, 'ਗੁਰੂ - ਚਰਿੱਤਰ' ਦੇ ਅੰਦਰ ਆਉਣ ਨਾਲ 'ਗੁਰੂ' ਦੇ ਸੰਪੂਰਨ ਸਰੂਪ ਦਾ ਦਿੱਬ ਦੀਦਾਰ ਹੋ ਜਾਂਦਾ ਹੈ। 'ਗੁਰੂ' ਦਾ ਸੰਪੂਰਨ ਦਿੱਬ ਦੀਦਾਰ ਸਮਰੱਥ ਹੈ - ਮਾਨਸ ਜਾਤਿ ਦੇ 'ਸਭਿ ਦੁਖਿ' ਨਵਿਰਤ ਕਰਨ ਲਈ। 'ਸਭਿ ਦੁਖਿ' ਵਿਚ 'ਹਉਮੈਂ' ਵੀ ਆ ਜਾਂਦੀ ਹੈ, ਕਿਉਂਕਿ ਹਉਮੈ ਹੀ 'ਦੁਖਿ' ਦਾ ਬੀਜ ਹੈ। ਜਦੋਂ ਮਾਨਸ ਜਾਤਿ 'ਮੈਂ' ਵਿਚ ਜੀਉਂਦੀ ਹੈ, ਨਿਸਚੇ ਹੀ ਉਸ ਦਾ ਜੀਵਨ - ਵਿਹਾਰ ਸਦਾ ਦੁਖਿਤ ਰਹਿੰਦਾ ਹੈ। ਜਿਹੜਾ ਹਉਮੈ ਕਰ ਕੇ ਸਦਾ ਦੁਖਿਤ ਰਹਿੰਦਾ ਹੈ, ਉਹ ਪੱਕਾ ਰੋਗੀ ਹੈ। ਸਤਿਗੁਰੂ ਵਿਚ ਚੂੰਕਿ ਹਉਮੈ ਬਿਲਕੁਲ ਨਹੀਂ ਹੁੰਦੀ, ਇਸ ਲਈ ਉਹ ਸਦਾ 'ਵਿਗਾਸ' ਤੇ ਅਰੋਗ ਜਾਂ 'ਰੋਗ - ਰਹਿਤ' ਹੋ ਕੇ ਜੀਉਂਦੇ ਹਨ। ਜਿਨ੍ਹਾਂ ਨੇ ਗੁਰੂ ਜਾਂ ਗੁਰੂ ਹਰਿਕ੍ਰਿਸ਼ਨ - ਪਾਤਿਸ਼ਾਹ ਨੂੰ ਅੰਤਰ - ਧਿਆਨ ਹੋ ਕੇ ਦੇਖਿਆ ਜਾਂ ਪੇਖਿਆ ਹੈ, ਨਿਸਚੇ ਹੀ ਉਹਨਾਂ ਦੇ ਦੁਖ - ਰੋਗ ਤੇ ਸੰਤਾਪ ਉਤਰ ਗਏ ਹਨ। ਦੁਖ - ਰੋਗ ਤੇ ਸੰਤਾਪ ਦਾ ਮੂਲ ਸਰੋਤ 'ਹਉਮੈਂ' ਹੀ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ - ਪਾਤਿਸ਼ਾਹ ਨੂੰ 'ਧਿਆਉਣ' ਤੇ 'ਡਿਠੇ' ਦਾ ਭਾਵ ਹੈ ਕਿ ਹਉਮੈ ਤੋ ਮੁਕਤ ਹੋਇਆ ਜਾਏ। ਹਉਮੈ ਤੋ ਮੁਕਤ ਹੋ ਕੇ ਜੀਊਣਾ ਸ਼ੁਧ ਰੂਪ ਵਿਚ ਅਧਿਆਤਮਿਕਤਾ ਜਾਂ ਗੁਰੂ ਦੇ ਆਚਾਰ - ਵਿਹਾਰ ਵਿਚ ਜੀਊਣਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਗੁਰੂ ਹਰਿਕ੍ਰਿਸ਼ਨ - ਪਾਤਿਸ਼ਾਹ ਦੀ ਮਹਿਮਾ 'ਸਭਿ ਦੁਖਿ ਜਾਇ' ਦੇ ਪ੍ਰਸੰਗ ਵਿਚ ਉਜਾਗਰ ਕਰਦੇ ਹਨ, ਤਾਂ ਇਸ ਦਾ ਸੱਪਸ਼ਟ ਭਾਵ ਹੈ ਕਿ ਉਹਨਾਂ ਦੀ ਉਮਰ ਭਾਵੇਂ ਛੋਟੀ ਹੈ, ਪਰ ਉਹਨਾਂ ਦੀ 'ਅਧਿਆਤਮਿਕਤਾ', ਜੋਤਿ ਤੇ ਜੁਗਤਿ, ਚਿੰਤਨ ਤੇ ਆਦਰਸ਼ ਗੁਰੂ - ਪ੍ਰੰਪਰਾ ਤੋਂ ਕਿਸੇ ਤਰ੍ਹਾ ਵੀ ਘੱਟ ਨਹੀਂ। ਅਰਥਾਤ, ਗੁਰੂ ਹਰਿਕ੍ਰਿਸ਼ਨ - ਪਾਤਿਸ਼ਾਹ ਵੀ ਪੂਰਵਲੀਆਂ ਗੁਰ - ਸ਼ਖਸੀਅਤਾਂ ਵਾਂਗ ਸਚਿਆਰ, ਕਰਤਾਰੀ, ਨਿਰਭਉ, ਨਿਰਵੈਰ ਤੇ ਅਕਾਲ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਗੁਰੂ ਹਰਿਕ੍ਰਿਸ਼ਨ ਜੀ ਨਾਲ 'ਡਿਠੇ' ਤੇ 'ਸਭਿ ਦੁਖਿ ਜਾਇ' ਦੇ ਪਦ ਕਿਉਂ ਜੋੜੇ? ਬਾਕੀ ਗੁਰੂ - ਸ਼ਖਸੀਅਤਾਂ ਨਾਲ ਕਿਉਂ ਨਹੀਂ? ਜਦੋਂ ਕਿ ਗੁਰੂ - ਸ਼ਖਸੀਅਤਾਂ ਦੀ ਅਧਿਆਤਮਿਕ ਸਮਰੱਥਾ ਇਕੋ ਜਿਹੀ ਹੈ। ਇਸ ਦਾ ਜਵਾਬ ਗੁਰੂ ਹਰਿ ਰਾਇ ਜੀ ਵਲੋਂ 'ਰਾਮਰਾਏ' ਪ੍ਰਤੀ ਕੀਤੇ 'ਹੁਕਮ' ਤੇ ਹਰਿਕ੍ਰਿਸ਼ਨ ਜੀ ਨੂੰ ਦਿਤੇ 'ਵਰਦਾਨ' ਵਿਚੋਂ ਸਹਿਜੇ ਹੀ ਸੱਪਸ਼ਟ ਹੋ ਜਾਂਦਾ ਹੈ। ਗੁਰੂ ਹਰਿ ਰਾਇ ਜੀ ਨੇ ਆਪਣੇ ਵਡੇ ਸਪੁੱਤਰ ਰਾਮ ਰਾਏ ਨੂੰ ਦਿੱਲੀ ਦਰਬਾਰ ਦੀ ਇੱਛਾ ਅਨੁਸਾਰ ਜਦੋਂ ਦਿੱਲੀ ਭੇਜਿਆ ਤਾਂ ਉਹਨਾਂ ਨੂੰ ਕੁਝ ਆਦਰਸ਼ ਸਮਝਾਏ ਸਨ। ਅਰਥਾਤ, ਗੁਰੂ - ਦਰਬਾਰ ਦੀ ਜੈਕਾਰ ਲਈ ਚਮਤਕਾਰੀ ਜਾਂ ਕਰਾਮਾਤੀ ਕਰੱਤਵ ਨਾ ਕਰਨਾ, ਕਿਸੇ ਲੋਭ - ਲਾਲਚ ਅਧੀਨ ਸ਼ਾਹੀ ਦਰਬਾਰ ਦੀ ਖੁਸ਼ਾਮਦ ਵੀ ਨਾ ਕਰਨਾ, ਬਾਣੀ - ਉਪਦੇਸ਼ਾਂ ਨੂੰ ਸਦਾ ਪ੍ਰਥਮ ਤੇ ਅੰਤਮ ਸੱਚ ਸਮਝਣਾ। ਪਰ ਰਾਮ ਰਾਏ ਦਿੱਲੀ ਦਰਬਾਰ ਦੇ ਜਾਹੋ - ਜਲਾਲ ਸਨਮੁਖ ਝੁਕ ਗਿਆ। ਉਸ ਨੇ ਸ਼ਾਹੀ ਦਰਬਾਰ ਦੀ ਪ੍ਰਸੰਨਤਾ ਲੈਣ ਵਾਸਤੇ ਕਰਾਮਾਤਾਂ ਵੀ ਦਿਖਾਈਆਂ, ਬਾਣੀ - ਸੱਚ ਨੂੰ ਵੀ ਬਦਲਿਆ, ਅਖੀਰ ਖ਼ੁਸ਼ਾਮਦ ਦੀ ਸਿਖਰ ਨੂੰ ਵੀ ਛੋਹਿਆ। ਜਦੋਂ ਗੁਰੂ ਹਰਿ ਰਾਇ ਜੀ ਨੂੰ ਰਾਮ ਰਾਏ ਦੇ ਚਰਿੱਤਰ ਤੇ ਗਿਰਾਵਟ ਭਰੇ ਕਰੱਤਵਾਂ ਬਾਰੇ ਪਤਾ ਲੱਗਾ, ਤਾਂ ਉਨ੍ਹਾਂ ਨੇ ਨਿਰਣਾ ਕਰ ਲਿਆ ਤੇ ਆਪਣੇ ਸਿੱਖਾਂ ਰਾਹੀ ਰਾਮ ਰਾਏ ਨੂੰ ਸੰਦੇਸ਼ਾ ਵੀ ਪਹੁੰਚਾ ਦਿਤਾ ਕਿ ਉਹ ਗੁਰੂ - ਦਰਬਾਰ ਵਿਚ ਦਰਸ਼ਨ ਨਾ ਦੇਵੇ। ਖਾਸ ਕਰ ਕੇ ਗੁਰਸਿੱਖਾਂ ਨੂੰ ਵੀ ਸਮਝਾ ਦਿੱਤਾ ਕਿ ਰਾਮ ਰਾਏ ਨੇ ਸ਼ਾਹੀ ਦਰਬਾਰ ਦੇ ਮੁਕਾਬਲੇ ਗੁਰੂ - ਦਰਬਾਰ ਨੂੰ ਨੀਵਾਂ ਦਿਖਾਇਆ ਹੈ, ਇਸ ਲਈ ਇਸ ਦੇ ਦਰਸ਼ਨ ਵਿਚ ਦੁੱਖ ਤੇ ਸੰਤਾਪ ਹੈ। ਇਤਿਹਾਸ ਸਾਖੀ ਹੈ ਕਿ ਗੁਰੂ ਹਰਿ ਰਾਇ ਜੀ ਦੇ ਹੁਕਮ ਪਿਛੋਂ ਗੁਰੂ - ਪ੍ਰੰਪਰਾ

www.AKJ.Org

ਤੇ ਗੁਰਸਿਖਾਂ ਨੇ ਰਾਮ ਰਾਏ ਨਾਲ ਨਾ ਤਾਂ ਮੇਲ - ਮਿਲਾਪ ਰਖਿਆ ਅਤੇ ਨਾ ਹੀ ਰੋਟੀ - ਬੇਟੀ ਦੀ ਸਾਂਝ ਰਖੀ। ਗੁਰੂ ਹਰਿ ਰਾਇ ਸਾਹਿਬ ਨੇ ਵਡੇ ਸਪੁੱਤਰ 'ਰਾਮ ਰਾਏ' ਨੂੰ ਗੁਰੂ - ਗੱਦੀ ਦੇਣ ਦੀ ਥਾਂ ਛੋਟੇ ਸਪੁੱਤਰ 'ਹਰਿਕ੍ਰਿਸ਼ਨ' ਜੀ ਨੂੰ ਗੁਰੂ - ਜੋਤਿ ਦਾ ਅਧਿਕਾਰ ਪ੍ਰਦਾਨ ਕਰ ਕੇ ਗੁਰੂ - ਗੱਦੀ ਉਤੇ ਬਿਠਾ ਦਿੱਤਾ ਕਿ ਜਿਹੜਾ ਗੁਰੂ ਹਰਿਕ੍ਰਿਸ਼ਨ - ਪਾਤਿਸ਼ਾਹ ਦੇ ਦਰਸ਼ਨ ਕਰੇਗਾ, ਉਸ ਦੇ ਦੁੱਖ - ਦਲਿੱਦਰ ਤੇ ਰੋਗ - ਸੰਤਾਪ ਸਹਿਜੇ ਹੀ ਮਿਟ ਜਾਣਗੇ, ਸੁਖ - ਸਹਿਜ ਤੇ ਅਨੰਦ ਉਸ ਦਾ ਗੁਣ - ਧਨ ਬਣ ਜਾਵੇਗਾ। ਪਿਤਾ ਗੁਰੂ ਹਰਿ ਰਾਇ ਸਾਹਿਬ ਦਾ ਇਹ 'ਇਤਿਹਾਸਕ ਵਰਦਾਨ' ਗੁਰੂ ਹਰਿਕ੍ਰਿਸ਼ਨ - ਪਾਤਿਸ਼ਾਹ ਦੀ ਸਮੁੱਚੀ ਜੀਵਨ - ਕਮਾਈ ਵਿਚ ਵੀ ਹਾਵੀ ਰਿਹਾ ਤੇ 'ਡਿਠੇ ਸਭਿ ਦੁਖਿ ਜਾਇ' ਦੀ ਮਹਿਮਾ ਨੂੰ ਯਥਾਰਥਿਕ ਤੇ ਉਜਾਗਰ ਕਰਨ ਵਿਚ ਵੀ ਸਦਾ ਸਹਾਇਕ ਸਾਬਤ ਹੋਇਆ ਹੈ। ਗੁਰੂ ਹਰਿਕ੍ਰਿਸ਼ਨ - ਪਾਤਿਸ਼ਾਹ ਦਾ ਦਰਸ਼ਨ ਦੀਦਾਰ ਨਿਸਚੇ ਹੀ 'ਸਭਿ ਦੁਖ ਜਾਇ' ਦਾ ਪ੍ਰਮਾਣ ਹੈ।

ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ੭ ਜੁਲਾਈ ੧੬੫੬ ਈ: ਨੂੰ ਪਿਤਾ ਗੁਰੂ ਹਰਿਰਾਇ ਸਾਹਿਬ ਤੇ ਮਾਤਾ ਕ੍ਰਿਸ਼ਨ ਕੌਰ ਜੀ ਦੇ ਗ੍ਰਿਹਿ, ਕੀਰਤਪੁਰ ਸਾਹਿਬ ਵਿਖੇ ਹੋਇਆ ਸੀ । ਬਚਪਨ ਦੀ ਪਾਲਣਾ ਪੋਸਣਾ ਤੇ ਬਲਬੀਰਾ ਸ਼ਖਸੀਅਤ ਦੀ ਸਿਰਜਨਾ ਪਿਤਾ ਗੁਰੂ ਹਰਿਰਾਇ ਸਾਹਿਬ ਦੀ ਛਾਂ ਥਲੇ ਹੋਈ । ਹਾਲਾਂ ਪੰਜ ਸਾਲ ਦੇ ਹੀ ਸਨ-ਹਰਿਕ੍ਰਿਸ਼ਨ ਜੀ, ਕਿ ਉਨ੍ਹਾਂ ਦੇ ਹਿਰਦੇ ਵਿਚ 'ਸ਼ਬਦ' ਦਾ ਪ੍ਰਕਾਸ਼ ਹੋ ਗਿਆ, ਕੀਰਤੀ ਵਿਚ 'ਰਸ ਤੇ ਰਸਿਕਤਾ' ਆ ਗਈ, ਬੋਲ ਵਿਚ 'ਸਹਿਜ ਤੇ ਅਨੰਦ' ਆ ਗਿਆ । ਜਿਹੜਾ ਵੀ ਸਿਖ ਆਪ ਜੀ ਨੂੰ ਮਿਲਦਾ, ਉਸ ਨੂੰ ਮਿਲਣ-ਛੋਹ ਵਿਚੋਂ ਇਸ ਤਰ੍ਹਾਂ ਮਹਿਸੂਸ ਹੁੰਦਾ, ਜਿਵੇਂ ਕਿ ਉਹ ਰੁਸ਼ਨਾਈ ਹੀ ਰੁਸ਼ਨਾਈ ਹਨ । ਸੰਸਾਰਕ ਵਾਸ਼ਨਾਵਾਂ ਤੋਂ ਵੀ ਉਹ ਪੂਰੀ ਤਰ੍ਹਾਂ ਬੇਪਰਵਾਹ ਸਨ । ਅਕਾਲ ਪੁਰਖ ਤੋਂ ਬਿਨਾ ਉਹ ਕਿਸੇ ਵੀ ਸ਼ਕਤੀ ਦੀ ਪ੍ਰਾਧੀਨਤਾ ਨੂੰ ਸਵੀਕਾਰ ਨਹੀਂ ਸਨ ਕਰਦੇ । ਸੰਗਤਾਂ ਪ੍ਰਤੀ ਉਹਨਾਂ ਦਾ ਪਿਆਰ ਤੇ ਮੋਹ ਬੜਾ ਕੁਦਰਤੀ ਸੀ । ਖੁਸ਼ੀ ਲੈਣੀ ਤੇ ਖੇੜਾ ਦੇਣਾ, ਇਹ (ਗੁਰੂ) ਹਰਕ੍ਰਿਸ਼ਨ ਜੀ ਦਾ ਸਹਿਜ-ਸੁਭਾ ਸੀ । ਰਾਮ ਰਾਏ ਨੇ ਜਿਸ ਚਰਿਤਰ-ਹੀਣਤਾ ਦਾ ਵਿਖਾਵਾ ਦਿੱਲੀ ਦੇ ਸ਼ਾਹੀ ਦਰਬਾਰ ਵਿਚ ਕੀਤਾ ਸੀ, ਗੁਰੂ-ਪ੍ਰੰਪਰਾ ਅਨੁਸਾਰ ਗੁਰੂ-ਦਰਬਾਰ ਵਿਚ ਉਹ ਬਿਲਕੁਲ ਪਰਵਾਨ ਨਹੀਂ ਸੀ, ਪਰ ਜੋ ਸਹਿਜ-ਸੁਭਾ, ਉਪਕਾਰੀ ਭਾਵਨਾ, ਸ਼ਬਦ ਜਾਚ, ਸੰਗਤੀ ਪਿਆਰ ਤੇ ਪ੍ਰਾਧੀਨਤਾ-ਮੁਕਤ-ਸਵੈਮਾਣ (ਗੁਰੂ) ਹਰਿਕ੍ਰਿਸ਼ਨ ਜੀ ਦੇ ਬਾਲ ਜੀਵਨ ਤੋਂ ਮੂਰਤੀਮਾਨ ਹੋ ਰਿਹਾ ਸੀ, ਉਸ ਨੇ ਸੱਪਸ਼ਟ ਨਿਰਣਾ ਕਰ ਦਿਤਾ ਕਿ ਗੁਰੂ-ਜੋਤਿ ਤੇ ਜੁਗਤਿ ਦੇ ਵਾਰਿਸ ਕੇਵਲ'ਹਰਿਕ੍ਰਿਸ਼ਨ ਜੀ' ਹੀ ਹਨ । ੬ ਅਕਤੂਬਰ ੧੬੬੧ ਨੂੰ ਗੁਰੂ ਹਰਿਰਾਇ ਜੀ ਨੇ 'ਗੁਰੂ-ਜੋਤਿ' ਹਰਿਕ੍ਰਿਸ਼ਨ ਜੀ ਦੇ ਹਿਰਦੇ ਵਿਚ ਟਿਕਾ ਦਿਤੀ ਤੇ ਗੁਰੂ ਹਰਿਕ੍ਰਿਸ਼ਨ ਜੀ ਅਸ਼ਟਮ ਬਲਬੀਰਾ ਦੇ ਰੂਪ ਵਿਚ ਗੁਰੂ-ਗੱਦੀ ਉਤੇ ਬੈਠ ਕੇ 'ਗੁਰੂ-ਕਰਤੱਵ' ਨਿਭਾਉਣ ਲਗ ਪਏ ।

ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਗੁਰਤਾ ਅਧਿਕਾਰੀ ਹੋਣ ਵੇਲੇ ਭਾਵੇਂ ਪੰਜ ਸਾਲ ਤੇ ਤਿੰਨ ਮਹੀਨੇ ਦੇ ਸਨ, ਪਰ ਉਹਨਾਂ ਦੇ ਕੁਦਰਤੀ ਨੂਰ ਦੀ ਦੋਹੀ (ਪ੍ਰਸੰਸਾ) ਸਾਰੇ ਪਾਸੇ ਸੀ । ਔਰੰਗਜ਼ੇਬ ਬਾਦਸ਼ਾਹ ਵੀ ਗੁਰੂ-ਦਰਬਾਰ ਦੀ ਨੇੜਤਾ ਪ੍ਰਾਪਤ ਕਰਨ ਵਾਸਤੇ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦੇ ਦਰਸ਼ਨ ਦੀਦਾਰ ਲਈ ਸਿੱਕ ਜਾਂ ਖਿੱਚ ਪ੍ਰਗਟ ਕਰ ਰਿਹਾ ਸੀ । ਰਾਜਾ ਜੈ ਸਿੰਘ ਉਸ ਵੇਲੇ ਦੀ ਇਕ ਐਸੀ ਸ਼ਖਸੀਅਤ ਸੀ, ਜਿਹੜੀ ਗੁਰੂ ਦਰਬਾਰ ਨਾਲ ਵੀ ਰਿਸ਼ਤਾ ਰਖਦੀ ਸੀ ਤੇ ਸ਼ਾਹੀ ਦਰਬਾਰ ਵਿਚ ਵੀ ਆਪਣਾ ਮਾਣ ਰਖਦੀ ਸੀ । ਗੁਰੂ ਹਰਿਕ੍ਰਿਸ਼ਨ ਜੀ ਤੇ ਔਰੰਗਜ਼ੇਬ ਵਿਚਕਾਰ ਨੇੜਤਾ ਪੈਦਾ ਕਰਨ ਵਾਸਤੇ ਭਾਵੇਂ ਰਾਜਾ ਜੈ ਸਿੰਘ ਨੇ ਆਪਣਾ ਵਿਸ਼ੇਸ਼ ਰੋਲ ਅਦਾ ਕੀਤਾ ਸੀ, ਪਰ ਗੁਰੂ ਦਰਬਾਰ ਵਲੋਂ ਨਿਰੰਤਰ ਨਾਂਹ ਵਿਚ ਜਵਾਬ ਮਿਲਣ ਕਾਰਣ ਮੁਲਾਕਾਤ ਹੋਣੀ ਅਸੰਭਵ ਜਾਪ ਰਹੀ ਸੀ । ਰਾਜਾ ਜੈ ਸਿੰਘ ਨੇ ਜਦੋਂ ਦਿੱਲੀ ਦੀਆਂ ਸਿੱਖ ਸੰਗਤਾਂ ਦੇ ਆਧਾਰ ਉਤੇ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੂੰ ਦਿੱਲੀ ਆਕੇ ਦਰਸ਼ਨ ਦੇਣ ਲਈ ਸੱਦਾ ਦਿੱਤਾ, ਤਾਂ ਗੁਰੂ ਸਾਹਿਬ ਨੇ ਦਿੱਲੀ ਆਉਣਾ ਪ੍ਰਵਾਨ ਕਰ ਲਿਆ । ੧੬੬੪ ਈ: ਦੇ ਆਰੰਭ ਵਿਚ ਦਿੱਲੀ ਆਏ ਤੇ ਰਾਜਾ ਜੈ ਸਿੰਘ ਦੀ ਇੱਛਾ ਅਨੁਸਾਰ ਉਸ ਦੇ ਬੰਗਲੇ, ਜਿਸ ਨੂੰ ਅੱਜ 'ਬੰਗਲਾ ਸਾਹਿਬ' ਆਖਿਆ ਜਾਂਦਾ ਹੈ, ਵਿਚ ਠਹਿਰੇ । ਦਿੱਲੀ ਦੀਆਂ ਸਿੱਖ ਸੰਗਤਾਂ ਨੇ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦੇ ਦਰਸ਼ਨ-ਦੀਦਾਰ ਕਰ ਕੇ ਜਿਥੇ ਸੁਖ-ਸਹਿਜ ਤੇ ਅਨੰਦ ਪ੍ਰਾਪਤ ਕੀਤਾ, ਉਥੇ ਔਰੰਗਜ਼ੇਬ ਬਾਦਸ਼ਾਹ ਵੀ ਦਰਸ਼ਨ ਦੀਦਾਰ ਲਈ ਪੀੜਾਂ ਪ੍ਰਗਟਾਂਦਾ ਰਿਹਾ । ਇਕ ਦਿਨ ਉਹ 'ਅੱਧੀ ਘੜੀ' ਗੁਰੂ -ਦਰਵਾਜ਼ੇ ਉਤੇ ਖੜਾ ਵੀ


www.AKJ.Org

ਰਿਹਾ, ਪਰ ਰਾਜਾ ਜੈ ਸਿੰਘ ਦੇ ਕਹਿਣ ਦੇ ਬਾਵਜੂਦ ਵੀ ਉਹਨਾਂ ਨੇ ਦਰਵਾਜ਼ਾ ਨਾ ਖੋਲ੍ਹਿਆ ਅਤੇ ਨਾ ਹੀ ਦਰਸ਼ਨ ਦਿਤੇ । ਇਨ੍ਹਾਂ ਦਿਨਾਂ ਵਿਚ ਹੀ ਦਿੱਲੀ ਵਿਚ ਇਕ ਅਜਿਹੀ ਬੀਮਾਰੀ ਫੈਲੀ, ਜਿਸ ਨਾਲ ਇਕ ਨਹੀਂ, ਅਨੇਕਾਂ ਪਰਿਵਾਰਾਂ ਵਿਚ ਦੁਖਿਤ ਵਾਤਾਵਰਣ ਪੈਦਾ ਹੋ ਗਿਆ । ਦੁਖ-ਨਵਿਰਤਾ ਲਈ ਗੁਰੂ ਹਰਿਕ੍ਰਿਸ਼ਨ ਜੀ ਨੇ ਜਿਥੇ ਰਾਜਾ ਜੈ ਸਿੰਘ ਜੀ ਦੇ ਬੰਗਲੇ ਵਿਚ ਹੀ ਇਕ ਚੁਬੱਚਾ ਬਣਵਾਇਆ, ਜਿਥੋਂ ਅੰਮ੍ਰਿਤ ਦੇ ਛਟੇ ਮਾਰ ਮਾਰ ਕੇ, ਬਿਨਾਂ ਕਿਸੇ ਵਰਨ-ਵਿਤਕਰੇ ਦੇ, ਸਮੁੱਚੀ ਮਾਨਸ ਜਾਤਿ ਦੇ ਦੁਖ, ਰੋਗ ਤੇ ਸੰਤਾਪ ਨਿਵਾਰੇ ਜਾਣ ਲਗੇ, ਉਥੇ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੇ ਆਪਣੀ ਛੋਹ-ਦ੍ਰਿਸ਼ਟੀ ਨਾਲ ਵੀ ਅਨੇਕਾਂ ਨੂੰ ਦੁਖ-ਰੋਗ ਦੇ ਸੰਕਟ ਤੋਂ ਮੁਕਤ ਕੀਤਾ । ਜਿਵੇਂ ਪਹਿਲੀਆਂ ਗੁਰੂ ਸ਼ਖਸੀਅਤਾਂ ਨੇ ਮਾਨਸ ਜਾਤਿ ਦੀ ਸਚਿਆਰ ਤੇ ਸਿਰਜਨਾਤਮਿਕ ਸ਼ਖਸੀਅਤ ਦੀ ਉਸਾਰੀ ਤੇ ਸੁੱਰਖਿਆ ਲਈ ਆਪਣਾ ਸਭ ਕੁਝ ਸਮਰਪਣ ਕਰ ਦਿੱਤਾ ਸੀ, ਉਸੇ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਜੀ ਨੇ ਵੀ ਮਾਨਸ ਜਾਤਿ ਦੇ 'ਸਭਿ ਦੁਖ' ਆਪ ਸਹੇੜ ਲਏ ਤੇ ਆਪਣਾ ਸਮੁੱਚਾ 'ਆਪਾ' ਹੀ ਨਹੀਂ, ਅਖੀਰਲਾ ਸਵਾਸ ਵੀ ਮਾਨਸ ਜਾਤਿ ਦੀ ਦੁਖ-ਨਵਿਰਤੀ ਤੇ ਪ੍ਰਸੰਨਤਾ ਦੀ ਪ੍ਰਾਪਤੀ ਵਾਸਤੇ ਕੁਰਬਾਨ ਕਰ ਦਿੱਤਾ । 'ਗੁਰਦੁਆਰਾ ਬੰਗਲਾ ਸਾਹਿਬ' ਦੁਖ-ਨਵਿਰਤੀ ਤੇ ਪ੍ਰਸੰਨਤਾ-ਪ੍ਰਾਪਤੀ ਦਾ ਹੀ ਪਵਿਤਰ ਅਤੇ ਅਮਰ ਸਰੋਤ ਹੈ ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਹਰਿਕ੍ਰਿਸ਼ਨ ਜੀ ਪ੍ਰਤੀ 'ਧਿਆਈਐ' ਅਤੇ 'ਡਿਠੇ ਸਭਿ ਦੁਖਿ ਜਾਇ' ਦੇ ਪਦ ਜੋੜ ਕੇ, ਉਹਨਾਂ ਦੀ ਬਲਬੀਰ ਤੇ ਸਿਰਜਨਾਤਮਿਕ ਸਖਸ਼ੀਅਤ ਦਾ ਜੋ ਮਹਿਮਾ-ਗਾਇਨ ਕੀਤਾ ਹੈ, ਜੇ ਸਮੁੱਚੀ ਮਾਨਸ ਜਾਤਿ ਉਸ ਮਹਿਮਾ ਗਾਇਨ ਵਿੱਚ ਇਕ ਸੁਰ-ਹੋ ਸਕੇ, ਤਾਂ ਨਿਸਚੇ ਹੀ 'ਸਭਿ ਦੁਖ' ਚਲੇ ਜਾਣਗੇ । ਸਭਿ ਦੁਖਿ ਜਾਣ ਨਾਲ ਹੀ ਸੁਖ, ਸਹਿਜ ਤੇ ਅਨੰਦ ਦੀ ਪ੍ਰਾਪਤੀ ਹੋਵੇਗੀ । ਗੁਰੂ ਹਰਿਕ੍ਰਿਸ਼ਨ ਪਾਤਿਸ਼ਾਹ ਦਾ 'ਦਰਸ਼ਨ-ਦੀਦਾਰ' ਸੁਖ, ਸਹਿਜ ਤੇ ਅਨੰਦ ਦੀ ਪ੍ਰਾਪਤੀ ਦਾ ਵੀ ਦਰਸ਼ਨ ਦੀਦਾਰ ਹੈ ।

# ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ।

(ਭਾਈ ਰਣਧੀਰ ਸਿੰਘ ਜੀ, ਸੂਰਤ

ਅੱਠਵੇਂ ਸਤਿਗੁਰੂ ਬਾਲਾ ਪ੍ਰੀਤਮ, ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਅਵਤਾਰ ੭ ਜੁਲਾਈ ੧੬੫੬ ਈ: ਮੁਤਾਬਕ ੮ ਸਾਵਣ ਸੰਮਤ ੧੭੧੩ ਬਿ: ਦਿਨ ਵੀਰਵਾਰ ਨੂੰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਪਿਤਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪਵਿਤ੍ਰ ਗ੍ਰਿਹ ਸ਼ੀਸ਼ ਮਹਿਲ ਕੀਰਤਪੁਰ ਸਾਹਿਬ ਵਿਖੇ ਹੋਇਆ।

ਗੁਰੂ ਹਰਿ ਕ੍ਰਿਸ਼ਨ ਜੀ ਦੇ ਭਰਾ ਰਾਮ ਰਾਇ ਆਪ ਜੀ ਤੋਂ ੬ ਸਾਲ ਵਡੇ ਸਨ, ਗੁਰੂ ਹਰਿ ਰਾਇ ਸਾਹਿਬ ਜੀ ਦਾ ਵੱਡਾ ਸਪੁਤਰ ਹੋਣ ਕਰਕੇ ਉਹ ਹਰ ਤਰਾਂ ਆਪਣੇ ਆਪ ਨੂੰ ਗੁਰਗੱਦੀ ਦੇ ਲਾਇਕ ਅਤੇ ਵਿਰਾਸਤੀ ਹੋਣਾ ਸਮਝਦਾ ਸੀ, ਇਹ ਬਹੁਤ ਚੁਸਤ ਤੇ ਨੀਤੀਵਾਨ ਸੀ। ਪਰ ਬਾਲਾ ਪ੍ਰੀਤਮ ਜੀ ਤੇ, ਗੁਰੂ ਹਰਿ ਰਾਇ ਸਾਹਿਬ ਜੀ ਦੀ ਕਰਣੀ, ਕਉਤਕਾਂ ਤੇ ਬਚਨਾਂ ਦਾ ਪ੍ਰਭਾਵ ਪੈਣ ਕਰਕੇ ਆਪ ਦੀ ਨਿਮਰਤਾ, ਸਤ ਪੁਰਖਾਂ ਵਰਗੇ ਮਿਠੜੇ ਬੋਲ, ਤੇ ਸਾਂਤ ਚਿਤ ਸੁਭਾਉ ਸੀ। ਹਰ ਵਖਤ ਆਪ ਜੀ ਆਪਣੇ ਪਿਤਾ ਗੁਰਦੇਵ ਸ੍ਰੀ ਗੁਰੂ ਹਰਿ ਰਾਇ ਜੀ ਨਾਲ ਰਹਿਕੇ ਬਾਣੀ ਪੜ੍ਹਦੇ ਅਤੇ ਸੇਵਾ ਕਰਦੇ ਰਹਿੰਦੇ ਸਨ।

ਸਮੇਂ ਦੀ ਹਕੂਮਤ ਨੇ ਗੁਰੂ ਘਰ ਨਾਲ ਅਤੇ ਗੁਰੂ ਸਹਿਬਾਨਾਂ ਨਾਲ ਹਮੇਸ਼ਾ ਹੀ ਵਿਰੋਧਤਾ ਬਣਾਈ ਰਖੀ ਜਿਸ ਕਰਕੇ ਗੁਰੂ ਸਹਿਬਾਨਾਂ ਨੇ ਵੀ ਨਿਡਰਤਾ ਤੇ ਦ੍ਰਿੜਤਾ ਨਾਲ ਮੁਕਾਬਲਾ ਕੀਤਾ। ਔਰੰਗਜ਼ੇਬ ਬੜਾ ਚਤੁਰ ਸਮਰਾਟ ਸੀ ਜਿਸ ਨੇ ਆਪਣੇ ਪਿਤਾ ਸ਼ਾਹਜਹਾਂ ਨੂੰ ੭ ਬਰਸ ਕੈਦੀ ਬਣਾਕੇ ਰਖਿਆ, ਆਪਣੇ ਭਰਾ ਖੁਦਾ ਦੀ ਬੰਦਗੀ ਕਰਨ ਵਾਲੇ ਫ਼ਕੀਰ ਦਾਰਾ ਸ਼ਕੋਹ ਨੂੰ ਦਿੱਲੀ ਵਿੱਚ ਕਤਲ ਕਰਵਾ ਦਿੱਤਾ। ਆਪਣੇ ਆਪ ਨੂੰ ਇਸਲਾਮ ਦਾ ਰਾਖਾ ਤੇ ਹਿੰਦੁਸਤਾਨ ਨੂੰ ਇਸਲਾਮੀ ਸ਼ਰਹ ਦਾ ਘਰ ਬਣਾਉਣ ਦਾ ਐਲਾਨ ਕਰ ਦਿੱਤਾ।

www.AKJ.Org

ਔਰੰਗਜ਼ੇਬ ਤਾਈਂ ਗੁਰੂ ਘਰ ਦੇ ਵਿਰੋਧੀਆਂ ਵਲੋਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਵਿਰੁਧ ਧੀਰਮਲ ਵਰਗਿਆਂ ਨੇ ਸ਼ਿਕਾਇਤਾਂ ਪੁਚਾਉਣੀਆਂ ਸ਼ੁਰੂ ਕਰ ਦਿੱਤੀਆਂ। ਔਰੰਗਜ਼ੇਬ ਨੇ ਗੁਰੂ ਹਰਿ ਰਾਇ ਸਾਹਿਬ ਨੂੰ ਆਪਣੇ ਪਾਸ ਦਿੱਲੀ ਬੁਲਾਉਣ ਲਈ, ਸ਼ਿਵ ਦਿਆਲ ਨੂੰ ਆਪਣੇ ਹੱਥੀਂ ਚਿੱਠੀ ਲਿਖਕੇ ਭੇਜਿਆ ਪਰ ਗੁਰੂ ਸਾਹਿਬ ਨੇ ਇਹ ਪ੍ਰਣ ਕਰ ਲਿਆ ਸੀ ਕਿ ਬਾਦਸ਼ਾਹ ਦੇ ਮੂੰਹ ਨਹੀਂ ਲੱਗਣਾ । ਸਮਾਂ ਦੇਖਕੇ ਦੂਜੀ ਚਿੱਠੀ ਸ਼ਰਧਾ ਨਾਲ ਬਾਦਸ਼ਾਹ ਵਲੋਂ ਭੇਜੀ ਗਈ ਤਾਂ ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਬਾਦਸ਼ਾਹ ਨੂੰ ਮਿਲਣ ਹਿਤ ਭੇਜਿਆ। ਗੁਰੂ ਜੀ ਨੇ ਰਾਮ ਰਾਇ ਨੂੰ ਇਹ ਸਖਤ ਹਦਾਇਤ ਕੀਤੀ ਕਿ ਆਪ ਨੇ ਗੁਰੂ ਘਰ ਦੇ ਆਸ਼ੇ ਵਿਰੁੱਧ ਕੋਈ ਗਲ ਨਹੀਂ ਕਰਨੀ ਅਤੇ ਨਾ ਹੀ ਮੰਨਣੀ। ਗੁਰੂ ਜੀ ਨੇ ਕਿਹਾ ਕਿ ਆਪ ਦਾ ਗੁਰੂ ਨਾਨਕ ਸਦਾ ਹੀ ਰਾਖਾ ਰਹੇਗਾ ਪਰ ਰਾਮਰਾਇ ਨੇ ਬਾਦਸ਼ਾਹ ਨੂੰ ਖ਼ੁਸ਼ ਕਰਨ ਤੇ ਬਾਦਸ਼ਾਹ ਦੀ ਖ਼ੁਸ਼ਾਮਦ ਅੰਦਰ ਆਣ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਬਾਣੀ ਦੀ ਪੰਗਤੀ "- ਮਿਟੀ ਮੁਸਲਮਾਨ ਕੀ " ਬਦਲ ਕੇ, " ਮਿਟੀ ਬੇਈਮਾਨ ਕੀ " ਕਹਿ ਦਿੱਤਾ। ਇਸ ਗੁਰਬਾਣੀ ਦੇ ਘੋਰ ਅਪਮਾਨ ਦਾ ਜਦੋਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਸਿੱਖ ਸੰਗਤਾਂ ਰਾਹੀ ਪਤਾ ਲੱਗਾ ਤਾਂ ਆਪ ਜੀ ਨੇ ਫੁਰਮਾਇਆ :-

**" ਅਦਬ ਨ ਸਮਝਯੋ ਪਹਿਲੇ ਗੁਰਕੋ। ਖੋਟੋ ਕਰਯੋ ਮਨੋਰਥ ਉਰਕੋ।।**
**ਅਬ ਹਮਰੇ ਮੁਖ ਲਾਗੈ ਨਾਹੀ। ਰਹਹੁ ਆਪ ਤੁਰਕੇ ਸਰ ਪਾਹੀ।।**
**ਨਿਜਮਨ ਤੇ ਹਮ ਤਿਆਗਨ ਕਰਯੋ। ਗੁਪਤਾ ਪਦ ਤੇ ਸੋ ਪਰ ਹਤਯੇ।। "**

ਗੁਰੂ ਹਰਿ ਰਾਇ ਜੀ ਨੇ ਸਭ ਸੰਗਤਾਂ ਨੂੰ ਵੀ ਆਦੇਸ਼ ਕੀਤਾ ਕਿ ਰਾਮ ਰਾਇ ਨਾਲ ਕਿਸੇ ਤਰ੍ਹਾਂ ਦਾ ਮੇਲ-ਜੋਲ ਵਰਤੋ ਵਿਹਾਰ ਤੇ ਬੋਲ-ਚਾਲ ਨਾ ਕਰਨਾ। ਸਤਿਗੁਰੂ ਜੀ ਦੇ ਹੁਕਮ ਨੂੰ ਸਭ ਸੰਗਤਾਂ ਨੇ ਸਤਿ ਕਰਕੇ ਮੰਨਣਾ ਕੀਤਾ।

ਗੁਰੂ ਹਰਿ ਰਾਇ ਸਾਹਿਬ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ ਕੇ ਗੁਰ ਗੱਦੀ ਦੀ ਮਹਾਨ ਜ਼ਿੰਮੇਵਾਰੀ ਆਪਣੇ ਛੋਟੇ ਸਪੁੱਤਰ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ੭ ਅਕਤੂਬਰ ੧੬੬੧ ਈ : ਦਿਨ ਸੋਮਵਾਰ ਨੂੰ ਪੰਜ ਸਾਲ ਤਿੰਨ ਮਹੀਨੇ ਦੀ ਆਯੂ ਸਮੇਂ ਸੌਂਪ ਦਿੱਤੀ। ਬਾਬਾ ਬੁੱਢਾ ਜੀ ਦੇ ਪੋਤੇ ਬਾਬਾ ਗੁਰਦਿਤਾ ਜੀ ਨੇ ਗੁਰਿਆਈ ਦਾ ਤਿਲਕ ਲਾਇਆ। ਫੌਜਾਂ ਨੇ ਬੰਦੂਕਾਂ ਚਲਾ ਕੇ ਸਲਾਮੀ ਦਿੱਤੀ। ਖਾਸ ਕਰ ਨਗਾਰੇ ਵਜਾ ਕੇ ਧੁਨੀ ਕਢੀ ਗਈ। ਜਦੋਂ ਰਾਮਰਾਇ ਨੂੰ ਦਿੱਲੀ ਵਿਚ, ਗੁਰ ਗੱਦੀ ਖੁਸ ਜਾਣ ਦਾ ਪਤਾ ਲਗਾ ਤਾਂ ਮੂਰਛਾ ਖਾ ਕੇ ਧਰਤੀ ਤੇ ਡਿਗ ਪਿਆ ਤੇ ਮਨ ਨੂੰ ਸੋਚਾਂ ਵਿਚ ਪਾ ਕੇ ਵਿਉਂਤਾ ਬਣਾਉਂਦਾ ਲਾਹੌਰ ਪਹੁੰਚ ਗਿਆ। ਪਰ ਕਿਸੇ ਵੀ ਨਿਕਟ ਵਰਤੀ ਜਾਂ ਮਸੰਦ ਨੇ ਉਸ ਦਾ ਦਿਲੋਂ ਸਾਥ ਨਾ ਦਿੱਤਾ। ਉਹ ਦੇਹਰਾਦੂਨ ਵਿੱਚ ਜਾ ਕੇ ਰਹਿਣ ਲਗ ਪਿਆ।

ਸ੍ਰੀ ਗੁਰੂ ਹਰਿ ਕ੍ਰਿਸਨ ਸਾਹਿਬ ਜੀ ਨੇ ਗੁਰਤਾ-ਗਦੀ ਤੇ ਬੈਠ ਕੇ ਸਮੇਂ ਨੂੰ ਸੰਭਾਲਿਆ। ਗਿਆਨੀ ਗਿਆਨ ਸਿੰਘ ਜੀ ਤਵਾਰੀਖ ਗੁਰੂ ਖਾਲਸਾ ਦੇ ਪੰਨਾ ੬੫੪ ਤੇ ਲਿਖਦੇ ਹਨ ਕਿ ਦੇਸ਼ ਦੇਸ਼ਾਂਤ੍ਰਾਂ ਦੇ ਮਸੰਦ ਸਿੱਖ ਸੰਗਤਾਂ ਨੂੰ ਲੈਕੇ ਕੀਰਤਪੁਰ ਸਾਹਿਬ ਗੁਰੂ ਜੀ ਪਾਸ ਹੁੰਮ- ਹੁਮਾ ਕੇ ਭੇਟਾ ਲੈ ਕੇ ਪੁੱਜਣੇ ਸ਼ੁਰੂ ਹੋ ਗਏ । ਸਭ ਸੰਗਤਾਂ ਦੀਆਂ ਮਨੋਕਾਮਨਾਂ ਭੀ ਪੂਰੀਆਂ ਹੋਣ ਲਗੀਆਂ । ਸੰਗਤਾਂ ਦੀ ਆਵਾਜਾਈ ਤੇ ਦੋ ਵੇਲੇ ਦੀਵਾਨ ਲਗਣੇ ਵੀ ਸ਼ੁਰੂ ਹੋ ਗਏ। ਗੁਰੂ ਸਹਿਬਾਨ ਨੂੰ ਬਹੁਤ ਸਾਰੇ ਮੁਸਲਮਾਨ ਫਕੀਰ ਵੀ ਕਦਮ ਬੋਸੀ ਆਕੇ ਕਰਨ ਲੱਗੇ ਜਿਨ੍ਹਾਂ ਵਿਚੋਂ ਰੋਸ਼ਨ ਜ਼ਮੀਰ ਦਾ ਨਾਂ ਖਾਸ ਵਰਨਣ ਯੋਗ ਹੈ । ਫਕੀਰ ਨੂਰਦੀਨ, ਮਾਲਾ ਸ਼ੇਖ ਅਤੇ ਮੁਹਮੰਦ ਬਖਸ਼ ਤਾਂ ਗੁਰੂ ਜੀ ਪਾਸ ਹੀ ਰਹਿੰਦੇ ਸਨ।

ਇਕ ਵੇਰ ਪੰਡਿਤ ਬ੍ਰਾਹਮਣਾਂ ਨੇ ਈਰਖਾ ਕਰਕੇ ਇਕ ਕੋਹੜੀ ਨੂੰ ਸਤਿਗੁਰੂ ਜੀ ਦੀ ਪਾਲਕੀ ਅੱਗੇ ਸੁੱਟ ਦਿੱਤਾ ਗੁਰੂ ਜੀ ਨੇ ਪਾਲਕੀ ਠਹਿਰਾਕੇ ਆਪਣੇ ਰੁਮਾਲ ਨੂੰ ਉਸ ਦੇ ਸਰੀਰ ਤੇ ਫੇਰਕੇ ਉਸ ਦਾ ਕੋਹੜ ਦੂਰ ਕਰ ਦਿੱਤਾ ਬ੍ਰਾਹਮਣ ਬੜੇ ਸ਼ਰਮਿੰਦੇ ਹੋਏ ਫਿਰ ਤਾਂ ਪਹਾੜੀ ਰਾਜੇ ਭੀ, ਦੀਪ ਚੰਦ ਕਹਿਲੂਰੀ ਆਦਿਕ ਸਭ ਦਰਸ਼ਨ ਨੂੰ ਆਉਣ ਲੱਗ ਪਾਏ। ਬਾਲਾ ਪ੍ਰੀਤਮ ਜੀ ਦੀ ਮਹਿਮਾ ਹੋਰ ਵਧਣ ਲੱਗ ਪਈ।


www.AKJ.Org

ਇਧਰ ਆਪ ਜੀ ਦੇ ਵਡੇ ਭਰਾ ਰਾਮ ਰਾਇ ਆਪਣੀ ਪੇਸ਼ ਨਾ ਚਲਦੀ ਦੇਖ ਬਾਦਸ਼ਾਹ ਅਗੇ ਫਿਰ ਫਰਿਆਦੀ ਹੋਇਆ। ਰਾਮ ਰਾਇ ਨੂੰ ਔਰੰਗਜ਼ੇਬ ਨੇ ਕਾਫ਼ੀ ਸਮਇਆ ਪਰ ਇਸ ਦੇ ਹੱਠ ਕਰਕੇ ਬਾਦਸ਼ਾਹ ਨੇ ਰਾਜਾ ਜੈ ਸਿੰਘ ਜੈ ਪੁਰੀਆ ਦੇ ਦੀਵਾਨ ਪਰਸ ਰਾਮ ਰਾਹੀਂ ਗੁਰੂ ਸਾਹਿਬ ਨੂੰ ਦਿਲੀ ਆਉਣ ਲਈ ਸੱਦ ਭੇਜਿਆ।

ਪਰਸ ਰਾਮ ਰਾਜਾ ਜੈ ਸਿੰਘ ਵਲੋਂ ਭੇਜੀ ਨਜਰ ਭੇਟਾ ਰਖ ਕੇ ਬੜੇ ਅਦਬ ਨਾਲ ਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਿਆ। ਇਸ ਨੇ ਮੁਰਾਸਲਾ ਸੌਕ ਨਾਮਾ ਔਰੰਗਜੇਬ ਦਾ ਗੁਰੂ ਜੀ ਅਗੇ ਰਖਿਆ। ਸਤਿਗੁਰੂ ਜੀ ਦੇ ਅਨਿਨ ਸੇਵਕ ਹਜ਼ੂਰੀ ਭਾਈ ਸੰਗਤੀਏ ਨੇ ਪੜ੍ਹ ਸੁਣਾਇਆ ਜਿਸ ਦਾ ਸਾਰ ਇਹ ਸੀ ਕਿ ਆਪ ਜੀ ਦੇ ਵਡੇ ਭਾਈ ਰਾਮਰਾਇ ਦੇ ਹੱਠ ਕਰਨੇ ਪਰ ਆਪ ਜੀ ਨੂੰ ਤਕਲੀਫ ਦਿੰਦਾ ਹਾਂ ਕ੍ਰਿਪਾ ਕਰਕੇ ਦਿੱਲੀ ਆ ਕੇ ਦਰਸ਼ਨ ਦਿਉ ਅਤੇ ਸੰਗਤਾਂ ਨੂੰ ਨਿਹਾਲ ਕਰੋ। ਗੁਰੂ ਸਾਹਿਬ ਨੇ ਉਸੇ ਘੜੀ ਮੁਖੀ ਸਿੱਖਾਂ, ਭਾਈ ਦਰਗਾਹ ਮੱਲ ਭਾਈ ਦਿਆਲਾ, ਭਾਈ ਮਨੀ ਸਿੰਘ, ਭਾਈ ਗੁਰਦਿਤਾ ਆਦਿ ਨਾਲ ਸਲਾਹ ਕਰਕੇ ਦਿਲੀ ਜਾਣਦੀ ਤਿਆਰੀ ਕਰ. ਲਈ ਅਤੇ ਸਾਥਰੀ ਦਰੋਗੇ ਨੂੰ ਇਹ ਵੀ ਕਹਿ ਦਿੱਤਾ ਕਿ ਅਸੀਂ ਦੁਸ਼ਟ ਔਰੰਗਜੇਬ ਪਾਸ ਨਹੀਂ ਜਾਵਾਂਗੇ ਤੇ ਨਾਂ ਹੀ ਉਸਨੂੰ ਦਰਸ਼ਨ ਦੇਵਾਂਗੇ । ਇਹ ਸਾਨੂੰ ਸਾਡੇ ਪਿਤਾ ਜੀ ਦਾ ਹੁਕਮ ਹੈ ਅਸੀਂ ਇਸ ਹੁਕਮ ਨੂੰ ਪੂਰੀ ਤਰ੍ਹਾਂ ਨਿਭਾਵਾਂਗੇ।

ਇਤਿਹਾਸਕਾਰਾਂ ਦੇ ਕਥਨ ਅਨੁਸਾਰ ਗੁਰੂ ਜੀ ਨੇ ੧੬੬੩ ਈ: ਨੂੰ ਦਿਲੀ ਜਾਣ ਦੀ ਤਿਆਰੀ ਕੀਤੀ। 'ਗੁਰੂ ਕੀਆਂ ਸਾਖੀਆਂ' ਰਚਿਤ ਸ: ਪਿਆਰਾ ਸਿੰਘ ਪਦਮ ਵਿਚ ਲਿਖਿਆ ਹੈ ਕਿ ਕੀਰਤਪੁਰ ਸੇ ਸੰਮਤ ਸਤਾਰਾਂ ਸੈ ਬੀਸ ਚੇਤਰ ਵਦੀ ਪੰਚਮੀ ਕੋ ਦਿੰਹੁ, ਦਿਹਲੀ ਕੀ ਤਰਫ਼ ਕੂਚ ਕੀਆ ਗੁਰੂ ਜੀ ਮਾਰਗ ਵਿਚ ਅਨੇਕਾਂ ਸਿੱਖ ਸੰਗਤਾਂ ਦਾਦੀ ਬੱਸੀ, ਮਾਤਾ ਸੁੱਲਖਣੀ ਦੀਵਾਨ ਦਰਗਾਹ ਮੱਲ, ਭਾਈ ਦਿਆਲਾ, ਪੰਜਾਬਾ ਮਸੰਦ, ਮੁਨਸ਼ੀ ਸੰਗਤੀਆ ਦੀਵਾਨ ਸਤੀ ਰਾਮ ਤੇ ਹੋਰ ਵੀ ਕਈ ਉਘੇ ਸਿਖ ਤੇ ੨੨੦੦ ਘੋੜ ਸਵਾਰ ਸਾਥ ਸਨ। ਪਹਿਲਾਂ ਆਪ ਨੇ ਪੜਾਅ ਰੋਪੜ ਕੀਤਾ ਫਿਰ, ਖਰੜ, ਬਨੂੜ, ਰਾਜਪੁਰਾ ਤੇ ਅੰਬਾਲਾ ਤੋਂ ਆਪ ਪੰਜੋਖਰਾ ਸਾਹਿਬ ਪੁਜੇ ਜਿਥੇ ਕਿ ਆਪ ਜੀ ਨੇ ਇਕ ਛੱਜੂ ਝਿਉਰ ਤੋਂ ਗੀਤਾ ਦੇ ਅਰਥ ਕਰਵਾਕੇ ਪੰਡਿਤ ਲਾਲ ਚੰਦ ਦਾ ਹੰਕਾਰ ਤੋੜਿਆ । ਇਹ ਦੋਨੋਂ ਗੁਰੂ ਜੀ ਦੀ ਚਰਨ ਪਾਹੁਲ ਲੈ ਕੇ ਸਿੱਖ ਬਣੇ। ਇਥੋਂ ਆਪ ਜੀ ਕੁਰਕਸ਼ੇਤਰ, ਕਰਨਾਲ ਆਦਿ ਤੋਂ ਹੁੰਦੇ ਹੋਏ ਅਨੇਕਾਂ ਜੀਵਾਂ ਨੂੰ ਤਾਰਦੇ ਦਿਹਲੀ ਪਿੰਡ ਰਸੀਨਾਂ ਵਿਚ ਰਾਜਾ ਜੈ ਸਿੰਘ ਦੇ ਮਹਿਲਾਂ ਵਿਚ ਜਾ ਉਤਰੇ । ਇਥੇ ਰਾਜੇ ਨੇ ਗੁਰੂ ਜੀ ਦਾ ਅਗੋਂ ਹੋ ਕੇ ਨਿੱਘਾ ਸਵਾਗਤ ਕੀਤਾ। ਇਹ ਰਾਜਾ ਗੁਰੂ ਘਰ ਦਾ ਸ਼ਰਧਾਲੂ ਇਕ ਵਿਦਵਾਨ ਤੇ ਸੂਝਵਾਨ ਵਿਅਕਤੀ ਸੀ। ਔਰੰਗਜੇਬ ਨੂੰ ਵੀ ਗੁਰੂ ਜੀ ਦੇ ਦਿਲੀ ਆਉਣ ਦੀ ਖਬਰ ਜਾ ਕੇ ਦਿੱਤੀ ਪਰ ਸਤਿਗੁਰੂ ਜੀ ਨੇ ਰਾਜਾ ਜੈ ਸਿੰਘ ਨੂੰ ਨਿਧੜਕ ਕਹਿ ਦਿਤਾ ਕਿ ਅਸੀਂ ਬਾਦਸ਼ਾਹ ਨੂੰ ਦਰਸ਼ਨ ਨਹੀਂ ਦੇਣੇ।

ਰਾਜਾ ਜੈ ਸਿੰਘ ਨੇ ਔਰੰਗਜ਼ੇਬ ਦੇ ਕਹੇ ਗੁਰੂ ਜੀ ਨੂੰ ਪਰਖਣਾ ਚਾਹਿਆ । ਆਪਣੀ ਰਾਣੀ ਪੁਸ਼ਪਾ ਦੇਵੀ ਨੂੰ ਮੋਟੇ ਮੈਲੇ ਕਪੜੇ ਪੁਆ ਕੇ ਤੇ ਗੋਲੀਆਂ ਨੂੰ ਸੁੰਦਰ ਗਹਿਣੇ ਤੇ ਸੋਹਣੇ ਬਸਤ੍ਰ ਪਹਿਨਾਕੇ ਰਾਣੀ ਨੂੰ ਵਿੱਚ ਬਿਠਾ ਦਿੱਤਾ । ਗੁਰੂ ਜੀ ਮਹਿਲਾਂ ਵਿੱਚ ਗਏ, ਆਪਣੇ ਹੱਥ ਵਿੱਚ ਫੜੀ ਹੋਈ ਛੜੀ, ਸਭ ਦੇ ਸਿਰ ਉਤੇ ਰੱਖਕੇ, ਇਹ ਭੀ ਨਹੀਂ, ਇਹ ਭੀ ਨਹੀਂ ਬੋਲਦੇ ਗਏ, ਅੰਤ ਨੂੰ ਪਟਰਾਣੀ ਦੀ ਗੋਦ ਵਿਚ ਜਾ ਬੈਠੇ ਜਿਸ ਕਰਕੇ ਰਾਣੀ ਬਹੁਤ ਪ੍ਰਸੰਨ ਹੋਈ, ਖੁਸ਼ੀ ਵਿਚ ਮੋਤੀਆਂ ਦਾ ਕੈਂਠਾ ਗੁਰੂ ਜੀ ਅੱਗੇ ਅਰਪਣ ਕੀਤਾ। ਰਾਣੀ ਨੂੰ ਪੂਰਨ ਬ੍ਰਹਮ ਗਿਆਨਤਾ ਪਰਾਪਤ ਹੋ ਗਈ। ਰਾਣੀ ਨੇ ਕਿਹਾ, ਜੈਸਾ ਸੁਨਾ ਥਾ, ਵੈਸਾ ਹੀ ਆਜ ਦੇਖਾ ਹੈ।

ਜਿਸ ਅਸਥਾਨ ਤੇ ਅਜ ਕਲ ਗੁਰਦੁਆਰਾ ਬੰਗਲਾ ਸਾਹਿਬ ਸਸ਼ੋਭਿਤ ਹੈ ਇਸ ਅਸਥਾਨ ਤੇ ਗੁਰੂ ਜੀ ਨੂੰ ਬੇਅੰਤ ਸੰਗਤਾਂ ਮਿਲਣ ਆਈਂਆ। ਔਰੰਗਜ਼ੇਬ ਨੇ ਆਪਣੇ ਸਹਿਜ਼ਾਦਾ ਮੁਅੱਜ਼ਮ ਨੂੰ ਅਨੇਕਾਂ ਭੇਟਾਵਾਂ ਤੇ ਬੜੇ ਕੀਮਤੀ ਖਲੌਣੇ ਦੇ ਕੇ, ਗੁਰੂ ਜੀ ਦੇ ਦਰਸ਼ਨਾ ਲਈ ਭੇਜਿਆ ਆਪ ਜੀ ਨੇ ਉਸ ਨੂੰ ਆਤਮਉਪਦੇਸ਼ ਦੇ ਕੇ ਨਿਹਾਲ ਕੀਤਾ।

www.AKJ.Org

ਗੁਰੂ ਜੀ ਦੇ ਦਰਸ਼ਨਾਂ ਹਿਤ ਔਰੰਗਜੇਬ ਆਪਣੇ ਮਹਿਲਾਂ ਤੋਂ ਰੱਥ ਵਿਚ ਬੈਠ ਕੇ ਆਇਆ। ਮਿਰਜਾ ਰਾਜਾ ਜੈ ਸਿੰਘ ਤੇ ਸਹਿਬਜ਼ਾਦਾ ਮੁਅੱਜਮ ਸ਼ਾਹ ਰਾਹੀਂ ਗੁਰੂ ਜੀ ਦੀ ਮਹਿਮਾ ਸੁਣ- " ਐਸੇ ਬਜੁਰਗ ਕਾ ਕਰੋ ਦੀਦਾਰੀ " ਪਰ ਇਧਰ ਸਤਿਗੁਰੂ ਜੀ ਦਾ ਪ੍ਰਣ ਸੀ ਕਿ ਔਰੰਗੇ ਦੇ ਮੱਥੇ ਨਹੀਂ ਲੱਗਣਾ। ਸਾਹਿਬਾਂ ਨੇ ਸੁਣ ਕੇ ਆਪਣਾ ਬੂਹਾ ਬੰਦ ਕਰਵਾ ਲਿਆ। ਵਾਰ ਵਾਰ ਭਾਈ ਦਰਗਾਹ ਮੱਲ ਰਾਹੀ ਔਰੰਗੇ ਵਲੋਂ ਬੇਨਤੀਆਂ ਕਰਨ ਤੇ ਗੁਰੂ ਜੀ ਨੇ ਦਰਸ਼ਨ ਨਹੀਂ ਦਿੱਤੇ। ਅੱਧੀ ਘੜੀ ਔਰੰਗਜੇਬ ਬਾਹਰ ਬੂਹੇ ਤੇ ਖੜਾ ਹੋ ਕੇ ਨਿਰਾਸ਼ਤਾ ਧਾਰਕੇ ਆਪਣੇ ਮਹਿਲਾਂ ਨੂੰ ਵਾਪਿਸ ਪਰਤ ਆਇਆ।

'ਗੁਰੂ ਕੀਆਂ ਸਾਖੀਆਂ' ਅਨੁਸਾਰ ਬੰਗਲਾ ਸਾਹਿਬ ਵਿਖੇ ਹੀ ੨੧ ਮਾਰਚ ੧੬੬੪ ਈ: ਨੂੰ ਆਪ ਜੀ ਦਾ ਸ੍ਰੀ ਤੇਗ ਬਹਾਦਰ ਸਾਹਿਬ ਜੀ ਨਾਲ ਮੇਲ ਹੋਇਆ. ਜਦੋਂ ਗੁਰੂ ਸਾਹਿਬ ਇਥੇ ਨਿਵਾਸ ਰਖ ਰਹੇ ਸਨ ਤਾਂ ਦਿਲੀ ਵਿਚ ਹੈਜੇ ਦੀ ਬੀਮਾਰੀ ਫੈਲੀ ਹੋਈ ਸੀ। ਦਿਨ ਵਿਚ ਹਜ਼ਾਰਾਂ ਲੋਗ ਮਰਨ ਲਗੇ । ਬੰਗਲਾ ਸਾਹਿਬ ਆਪ ਜੀ ਨੇ ਬਹੁਤੀ ਭੀੜ ਦੁਖੀਆਂ ਦੀ ਜਾਣ ਕੇ ਇਕ ਚੁਬੱਚਾ ਬਣਵਾ ਦਿੱਤਾ ਤਾਂ ਕਿ ਹਰ ਕੋਈ ਦੁਖੀ ਚਰਨਾਮ੍ਰਿਤ ਲੈ ਕੇ ਆਪਣਾ ਦੁੱਖ ਦੂਰ ਕਰ ਸਕੇ। ਉਹ ਚੁੱਬਚਾ ਹੁਣ ਤੱਕ ਕਾਇਮ ਹੈ। ਆਖਿਰ ਗੁਰੂ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕਰ ਜਮਨਾ ਕਿਨਾਰੇ ਡੇਰੇ ਲਾ ਲਏ। ਬੰਗਲਾ ਸਾਹਿਬ ਤੋਂ ਆਪ ਜੀ ਦੀਆਂ ਨਿਕਟਵਰਤੀ ਸਿਖ ਸੰਗਤਾਂ ਵੀ ਭਾਰੀ ਗਿਣਤੀ ਵਿਚ ਪੁੱਜ ਗਈਆਂਜਿਥੇ ਕਿ ਗੁਰੂ ਸਹਿਬਾਨ ਨੇ ਤੰਬੂ ਲਗਾ ਦਿੱਤੇ ਅਤੇ ਲੰਗਰ ਚਲਾਉਣਾ ਅਰੰਭ ਕਰ ਦਿੱਤਾ। ਪ੍ਰੋਫੈਸਰ ਪੂਰਨ ਸਿੰਘ ਅਤੇ ਮਹੇਸ਼ਵਰ ਦਿਆਲ ਦੇ ਲਿਖੇ ਅਨੁਸਾਰ ਗੁਰੂ ਜੀ ਇਥੇ ਪੁੱਜ ਕੇ ਦੁਖ ਵੰਡਾਂਦੇ ਰਹੇ। ਆਪ ਨੂੰ ਅਚਾਨਕ ਚੇਚਕ ਆ ਨਿਕਲੀ ਅਤੇ ਆਪ ਜੀ ਨੇ ਜੋਤੀ ਜੋਤ ਸਮਾਉਣ ਦੀ ਤਿਆਰੀ ਕਰ ਲਈ। ਸੰਗਤਾ ਨੇ ਤੇ ਮਾਤਾ ਜੀ ਦੇ ਪੁਛਣ ਤੇ ਕਿ ਤੁਸੀਂ ਤਾਂ ਲੋਕਾਈ ਦੇ ਦੁਖ ਦੂਰ ਕਰ ਰਹੇ ਸੀ ਇਨੀ ਜਲਦੀ ਜਾਣ ਦੀ ਤਿਆਰੀ ਕਿਉਂ ਕਰ ਲਈ ਤਾਂ ਗੁਰੂ ਜੀ ਦਾ ਉਤਰ ਸੀ ਕਿ ਮਾਤਾ ਜੀ ਇਹ ਸਭ ਬਿਧਾਤਾ ਦੇ ਲਿਖੇ ਅਨੁਸਾਰ ਹੀ ਹੋ ਰਿਹਾ ਹੈ। ਸੰਗਤਾਂ ਨੇ ਕਿਹਾ ਤੁਸੀਂ ਗੁਰ ਗੱਦੀ ਦੀ ਮਰਯਾਦਾ ਭਲੀ ਪਰਕਾਰ ਕਾਇਮ ਰੱਖੀ ਹੈ ਹੁਣ ਇਹ ਪੰਥ ਕਿਸ ਦੇ ਲੜ ਲਗਾ ਚਲੇ ਹੋ ਹੁਕਮ ਕਰੋ- ਉਸ ਸਮੇਂ ਗੁਰੂ ਜੀ ਨੇ ਪੰਜ ਪੈਸੇ ਨਾਰੀਅਲ ਥਾਲ ਵਿਚ ਰੱਖ ਕੇ ਅੱਖਾਂ ਮੀਟ ਕੇ ਸਿਰ ਝੁਕਾਇਆ ਧਿਆਨ ਵਿਚ ਪਰਕਰਮਾ ਕਰਕੇ ਹੁਕਮ ਕੀਤਾ ਬਾਬਾ ਬਸਹਿ ਜਿ ਗ੍ਰਾਮ ਬਕਾਲੇ। ਬਨ ਗੁਰ, ਸੰਗਤ ਸਕਲ ਸਮਾਲੇ।। ਇਹ ਬਚਨ ਫੁਰਮਾਕੇ ਸਤਿਗੁਰੂ ਜੀ ਸਮਾਧੀ ਲੀਨ ਹੋ ਗਏ । ਮਾਤਾ ਸੁੱਲਖਣੀ ਨੇ ਆਪ ਨੂੰ ਗੋਦ ਵਿਚ ਲੈ ਲਿਆ, ਮੁੱਖ ਆਪ ਜੀ ਦਾ ਕਮਲ ਵਾਂਗ ਖਿੜਿਆ ਹੋਇਆ ਸੀ। ਇਲਾਹੀ ਬਾਣੀ ਦਾ ਕੀਰਤਨ ਹੋ ਰਿਹਾ ਸੀ ਕੀਰਤਨ ਕਰਨ ਦੀ ਸੇਵਾ, ਭਾਈ ਸਨਮੁਖ, ਨੱਥੂ ਤੇ ਸੁਖਾ ਨੰਦ ਨਿਭਾ ਰਹੇ ਸਨ। ਆਪ ਜੀ ਆਪਣੇ ਪਲੰਘ ਤੇ ਬਿਰਾਜਮਾਨ ਹੋ ਗਏ ਅਤੇ ਚੇਤ ਸੁਦੀ ਚੌਦਾਂ ਬੁਧਵਾਰ ਕੇ ਦਿਹੁੰ ਦੋ ਘੜੀਆਂ ਰੈਣਿ ਬਿਤੀਤ ਹੋਈ ਉਸ ਨਿਰੰਕਾਰ ਕੀ ਜੋਤਿ ਮੈਂ ੩੦ ਮਾਰਚ ੧੬੬੪ ਈ ਨੂੰ ਸਮਾਇ ਗਏ। ਭੋਗਲਪੁਰੀ ਨਗਰੀ ਦੇ ਪਾਸ ਜਮਨਾ ਦੇ ਕਿਨਾਰੇ ਜਿਥੇ ਆਪ ਜੋਤੀ ਜੋਤਿ ਸਮਾਏ ਉਸ ਅਸਥਾਨ ਤੇ ਗੁਰਦੁਆਰਾ ਬਾਲਾ ਸਾਹਿਬ ਸ਼ਸ਼ੋਭਿਤ ਹੈ।

---

'ਸੂਰਾ ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ ਫਾਰਮ ੪ ( ਰੂਲ ੮)

੧. ਪ੍ਰਕਾਸ਼ਨ ਹੋਣ ਦੀ ਥਾਂ ਲੁਧਿਆਣਾ

੨. ਪ੍ਰਕਾਸ਼ਨ ਸਮਾਂ ਮਾਸਕ ਪੱਤਰ

੩. ੪,੫, ਪ੍ਰਿੰਟਰ, ਪਬਲਿਸ਼ਰ, ਸੰਪਾਦਕ/ ਹਰਬੰਸ ਸਿੰਘ, ਭਾਰਤੀ

੬ ਮਾਲਕ/ ਅਖੰਡ ਕੀਰਤਨੀ ਜੱਥਾ, ਜਥੇਦਾਰ, ਰਾਮ ਸਿੰਘ ਜੀ, ੧੦੨, ਰਾਣੀ ਦਾ ਬਾਗ, ਅੰਮ੍ਰਿਤਸਰ

ਮੈਂ ਹਰਬੰਸ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।

ਤਰੀਕ ਦਸਖ਼ਤ

ਹਰਬੰਸ ਸਿੰਘ

---



www.AKJ.Org

# "ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥"

(ਭਾਈ ਰਾਮ ਸਿੰਘ ਜੀ, ਯੂ. ਕੇ.)

**ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥**
**ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥੧੬॥ (ਪੰਨਾ ੯੬੪)**

ਮੁਖਵਾਕ ਅਨੁਸਾਰ ਮੀਰੀ ਪੀਰੀ ਦੇ ਮਾਲਕ ਦਸੋ ਗੁਰੂ ਸਾਹਿਬਾਨ ਤੇ ਜੁਗੋ ਜੁੱਗ ਅੱਟਲ ਸ਼ਬਦ ਗੁਰੂ, " ਸ੍ਰੀ ਗੁਰੂ ਗ੍ਰੰਥ ਸਾਹਿਬ" ਜੀ ਹੀ ਕੇਵਲ ਸਚੇ ਪਾਤਸ਼ਾਹ ਹੋਏ ਜੋ ਇਸ ਵੇਲੇ ਹਨ ਤੇ ਸਦਾ ਰਹਿਣਗੇ । ਇਹਨਾਂ ਤੁੱਲ ਨਾ ਕੋਈ ਹੋਰ ਹੋਇਆ, ਨਾ ਹੈ, ਤੇ ਨਾ ਹੋਵੇਗਾ । ਇਸੇ ਕਰਕੇ ਇਹਨਾਂ ਦੀ ਪਦਵੀ ਭੀ ਸਭ ਤੋਂ ਉਚੀ ਤੇ ਸੁੱਚੀ, ਦਰਬਾਰ ਭੀ ਉੱਚਾ ਤੇ ਸੁੱਚਾ ਤੇ ਅਲਾਹੀ ਤਖਤ ਭੀ ਸਰਵੋਤਮ ਤੇ ਸੱਚਾ ਸੁੱਚਾ ਹੈ । ਤਾਹੀਉਂ ਤਾਂ ਇਹ ਸਚੇ ਪਾਤਸ਼ਾਹ ਹਰ ਤਰ੍ਹਾਂ ਦੇ ਉਚੇ ਸੁੱਚੇ ਤੇ ਵੱਧ ਤੋਂ ਵੱਧ ਆਦਰ ਸਤਿਕਾਰ ਮਾਣਦੇ ਹਨ ਤੇ ਮਾਣਦੇ ਰਹਿਣਗੇ । ਇਤਿਹਾਸ ਵਿੱਚ ਆਮ ਛੋਟੇ ਮੋਟੇ ਮਹਾਰਾਜੇ ਆਦਿ ਭੀ ਆਪਣਾ ਆਦਰ ਸਤਿਕਾਰ ਕਰਾਉਂਦੇ ਨਜ਼ਰ ਆਉਂਦੇ ਹਨ । ਤਖਤ ਤੇ ਬੈਠਣਾ, ਫੁਰਮਾਨ ਜਾਰੀ ਕਰਨਾ ਤੇ ਮੰਨਵਾਉਣਾ ਅਤੇ ਹੋਰ ਕਈ ਤਰ੍ਹਾਂ ਦੇ ਆਦਰ ਸਤਿਕਾਰ ਦੇ ਨਾਲ ਨਾਲ ਸਭ ਤੋਂ ਢੁੱਕਵਾਂ ਆਦਰ ਸਤਿਕਾਰ ਉਹ ਆਪਣੇ ਸਿਰਾਂ ਉਪਰ ਚੌਰ ਕਰਵਾਉਂਦੇ ਰਹੇ ਹਨ । ਭਾਵੇਂ ਉਹ ਰਾਜੇ, ਮਹਾਰਾਜੇ, ਸਮਰਾਟ, ਸ਼ਹਿਨਸ਼ਾਹ ਆਦਿ ਧੁਰ ਕੀ ਬਾਣੀ ਅਨੁਸਾਰ ਚਾਰ ਦਿਨ ਦਾ ਦਿਖਾਵਾ ਕਰਕੇ ਚਲਦੇ ਬਣਦੇ ਹਨ ਤੇ ਸਚੇ ਪਾਤਸ਼ਾਹ ਦੀ ਕਿਸੇ ਪਖੋਂ ਭੀ ਬਰਾਬਰੀ ਕਰਨ ਦੇ ਅਸਮਰਥ ਹੁੰਦੇ ਹਨ । ਜਿਵੇਂ :

**ਕੋਊ ਹਰਿ ਸਮਾਨਿ ਨਹੀ ਰਾਜਾ ॥**
**ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥ ਰਹਾਉ ॥੫॥ (ਪੰਨਾ-੮੫੬)**

ਸੋ ਜੇ ਆਦਰ ਸਤਿਕਾਰ ਦਾ ਚਿੰਨ-ਚੌਰ ਇਹਨਾਂ ਕੁਛ ਦਿਨਾਂ ਦੀ ਸਰਦਾਰੀ ਕਰਨ ਵਾਲਿਆਂ ਰਾਜਿਆਂ ਆਦਿ ਤੇ ਕੀਤਾ ਜਾਂਦਾ ਰਿਹਾ, ਜਾਂ ਹੋ ਸਕਦਾ ਹੈ ਤਾਂ ਸੱਚੇ ਸੁੱਚੇ ਸਤਿਗੁਰੂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਤੇ ਜੁਗੋ ਜੁਗ ਅੱਟਲ ਗੁਰੂ " ਸ੍ਰੀ ਗੁਰੂ ਗ੍ਰੰਥ ਸਾਹਿਬ" ਤੇ ਤਾਂ ਧੁਰੋਂ ਬਖਸ਼ੇ ਆਦਰ ਸਤਿਕਾਰ ਦੇ ਵੱਖ ਵੱਖ ਚਿੰਨ੍ਹਾਂ ਵਿੱਚ ਚੌਰ ਇਕ ਬਹੁਤ ਵੱਡਾ ਅਸਥਾਨ ਰੱਖਦਾ ਹੈ । ਪਰਮਾਤਮਾ ਦੀ ਹਰ ਥਾਂ ਹੋਂਦ ਤੇ ਉਸ ਹੋਂਦ ਦੇ ਸਤਿਕਾਰ ਵਜੋਂ ਪਰਮਾਤਮਾ ਤੇ ਹਰ ਸਮੇਂ ਹੋ ਰਹੇ ਚੌਰ ਦੀ ਸਤਿਗੁਰੂ ਗੁਰੂ ਨਾਨਕ ਦੇਵ ਜੀ ਨੇ ਕਿੰਨੀ ਸੁਹਣੀ ਤਸਵੀਰ ਪੇਸ਼ ਕੀਤੀ ਹੈ -

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ (ਪੰਨਾ ੬੬੩)**

ਅਤੇ ਪਰਮਾਤਮਾ ਸਭ ਸ੍ਰਿਸ਼ਟੀ ਵਿੱਚ ਆਪਣੀ ਹੋਂਦ ਹੋਣ ਕਰਕੇ ਸਾਰੀ ਸ੍ਰਿਸ਼ਟੀ ਨੂੰ ਏਨਾ ਪਿਆਰ ਕਰਦਾ ਹੈ ਕਿ ਉਹ ਆਪਣੇ ਵਲੋਂ ਸਭ ਸ੍ਰਿਸ਼ਟੀ ਉਪਰ ਚੌਰ ਕਰ ਰਹੇ ਹਨ । ਜਿਸ ਬਾਰੇ ਗੁਰੂ ਸਾਹਿਬ ਆਪ ਸ਼ਾਹਦੀ ਭਰਦੇ ਹਨ -

**ਜਾ ਕਾ ਚਵਰੁ ਸਭ ਊਪਰਿ ਝੂਲੇ ॥ ਤਾ ਕਾ ਧੂਪੁ ਸਦਾ ਪਰਫੁਲੇ ॥੨॥ (ਪੰਨਾ-੩੯੩)**

ਹੁਣ ਦੇਖਣਾ ਇਹ ਹੈ ਕਿ ਜੇ ਪਰਮਾਤਮਾ ਉਪਰ ਹਰ ਵੇਲੇ ਚੌਰ ਹੋ ਰਿਹਾ ਹੈ ਤਾਂ ਗੁਰੂ ਸਾਹਿਬਾਨ ਤੇ ਚੌਰ ਕਿਉਂ ਕੀਤਾ ਜਾਂਦਾ ਸੀ ਤੇ ਹੁਣ ਵੀ ਕਰਦੇ ਹਾਂ ? ਗੁਰੂ ਸਾਹਿਬਾਨ ਤੇ ਚੌਰ ਤਾਂ ਹੀ ਹੋ ਸਕਦਾ ਹੈ ਜੇ ਉਹ ਭੀ ਪਰਮਾਤਮਾ ਰੂਪ ਹੋਣ । ਜੇ ਇਹ ਸਿੱਧ ਹੋ ਜਾਵੇ ਤਾਂ ਸੁਤੇ ਸਿਧ ਹੀ ਇਹ ਭੀ ਸਿੱਧ ਹੋ ਜਾਵੇਗਾ ਕਿ ਗੁਰੂ ਸਾਹਿਬਾਨ ਤੇ ਚੌਰ ਹੋਣਾ ਚਾਹੀਦਾ ਸੀ ਤੇ ਜੁਗੋ ਜੁਗ ਅੱਟਲ ਗੁਰੂ " ਸ੍ਰੀ ਗੁਰੂ ਗ੍ਰੰਥ ਸਾਹਿਬ" ਤੇ ਵੀ, ਜੋ ਦਸਾਂ ਗੁਰੂ ਸਾਹਿਬਾਨ ਦੀ ਜੋਤਿ ਹੈ, ਚੌਰ ਹੋਣਾ ਚਾਹੀਦਾ ਹੈ । ਇਸ ਦੇ ਹੱਲ ਲਈ ਧੁਰ ਕੀ ਆਈ ਬਾਣੀ ਤੋਂ ਸੇਧ ਲੈਣੀ ਜ਼ਰੂਰੀ ਹੈ । ਬਾਣੀ, ਸੱਚੀ ਬਾਣੀ ਤੋਂ ਇਹ ਸੰਕੇਤ ਮਿਲਦੇ ਹਨ :

**ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥ (ਪੰਨਾ-੩੮੭)**


www.AKJ.Org

ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥ (ਪੰਨਾ-੫੨੨)
ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥੨॥੧੬॥ (ਪੰਨਾ-੧੩੯੫)
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥੪॥੧॥੮॥ (ਪੰਨਾ-੪੪੨)
ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥ (ਪੰਨਾ-੧੪੦੯)
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥੭॥੧੯॥ (ਪੰਨਾ-੧੪੦੯)
ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥ (ਪੰਨਾ-੧੧੪੨)
ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥ (ਪੰਨਾ-੮੬੪)
ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥੧॥ ਰਹਾਉ (ਪੰਨਾ-੮੬੪)
ਸਫਲ ਜਨਮੁ ਹੋਵੈ ਪਰਵਾਣੁ ॥
ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ॥੩॥੧੩੯ ॥ (ਪੰਨਾ-੧੯੩)
ਗੁਰੁ ਪਰਮੇਸਰੁ ਕਰਣੈਹਾਰੁ ॥ ਸਗਲ ਸ੍ਰਿਸਟਿ ਕਉ ਦੇ ਆਧਾਰੁ ॥੧॥ (ਪੰਨਾ-੭੪੧)

ਉਪਰੋਕਤ ਗੁਰਵਾਕ ਸਿੱਧ ਕਰਦੇ ਹਨ ਕਿ ਗੁਰੂ (ਦਸੇ ਪਾਤਸ਼ਾਹੀਆਂ ਤੇ ਗੁਰੂ ਗ੍ਰੰਥ ਸਾਹਿਬ ਜੀ) ਅਤੇ ਪਰਮੇਸਰ ਇਕੋ ਰੂਪ ਹਨ । ਜੋ ਆਦਰ-ਸਤਿਕਾਰ ਪਰਮਾਤਮਾ ਤੇ ਢੁਕਦਾ ਹੈ, ਉਹ ਹੀ ਗੁਰੂ ਸਾਹਿਬਾਨ ਤੇ ਲਾਗੂ ਹੈ ।

ਜੇ ਉਪਰ ਲਿਖੇ ਮੁਖਵਾਕਾਂ ਅਨੁਸਾਰ ਗੁਰੂ ਸਾਹਿਬ ਪਰਮਾਤਮਾ ਰੂਪ ਹਨ ਤਾਂ ਇਹ ਭੀ ਜ਼ਰੂਰੀ ਸਮਝਣ ਵਾਲੀ ਗੱਲ ਹੈ, ਕਿ ਕਿਉਂ ? ਪਰਮਾਤਮਾ ਕੀ ਹੈ ? ਪਰਮਾਤਮਾ ਕੋਈ ਬੰਦਾ ਜਾਂ ਕਿਸੇ ਤਰ੍ਹਾਂ ਦੀ ਸ਼ਕਲ ਵਾਲਾ ਕੋਈ ਵਿਅਕਤੀ ਨਹੀਂ । ਜਿਵੇਂ ਮੁਖਵਾਕ ਹੈ -

"ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥੧॥ (ਪਾ: ੧੦, ਜਾਪੁ)
ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ (ਪੰਨਾ-੨੮੩)

ਉਹ ਫਿਰ ਹੈ ਕੀ ? ਉਹ ਇਕ ਮਹਾਨ ਸ਼ਕਤੀ, ਜਿਸ ਦੀ ਅਨਹਦ ਧੁਨੀ ਹਰ ਵੇਲੇ ਗੂੰਜ ਰਹੀ ਹੈ, ਜੋ " ਸ਼ਬਦ ਰੂਪ" ਹੈ। ਤੇ ਉਸ ਦਾ ਗਿਆਨ ਕਿੱਦਾਂ ਤੇ ਕਿਸ ਨੂੰ ਹੁੰਦਾ ਹੈ ?

ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥ (ਪੰਨਾ-੨੮੩)

ਭਾਵ ਜਿਸ ਤੇ ਉਸ ਦੀ ਕਿਰਪਾ ਮਿਹਰ ਤੇ ਪ੍ਰਸੰਨਤਾ ਹੋਵੇ ।

ਖੈਰ ਪਰਮਾਤਮਾ ਸ਼ਬਦ ਰੂਪ ਹੋਣ ਕਰਕੇ ਗੁਰੂ ਸਾਹਿਬਾਨ ਅਤੇ ਉਸ ਤੇ ਸਦਾ ਸਦਾ ਚੌਰ ਝੁੱਲ ਰਿਹਾ ਹੈ । ਤਾਂ ਫਿਰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਉਪਰ ਕਿਉਂ ਚੌਰ ਝੁਲਿਆ ? ਗੁਰੂ ਸਾਹਿਬਾਨ ਦੇ ਬਲਿਹਾਰ ਜਾਈਏ ਕਿ ਇਹ ਸ਼ਬਦ ਰੂਪ ਪਰਮਾਤਮਾ ਜਾਂ ਪਰਮਾਤਮਾ ਰੂਪ ਸ਼ਬਦ ਗੁਰੂ ਸਾਹਿਬਾਨ ਦੇ ਹਿਰਦੇ ਵਿੱਚ ਇੰਝ ਵਸ ਰਿਹਾ ਸੀ ਕਿ ਉਹ ਖੁਦ ਹੀ ਸ਼ਬਦ ਰੂਪ ਹੋ ਗਏ । ਤੇ ਉਨ੍ਹਾਂ ਰਾਹੀਂ ਉਸ ਸ਼ਬਦ ਦਾ ਪ੍ਰਕਾਸ਼ ਐਸਾ ਹੋਇਆ, ਜੋ ਜੁਗੋ ਜੁਗ ਅੱਟਲ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਪ ਧਾਰ ਗਿਆ । ਤੇ ਉਪਰ ਲਿਖੇ ਮੁਖਵਾਕਾਂ ਅਨੁਸਾਰ ਪਰਮਾਤਮਾ ਰੂਪ ਹੀ ਹੋ ਗਏ । ਸੋ ਸ਼ਬਦ ਰੂਪ ਪਰਮਾਤਮਾ ਤੇ ਚੌਰ, ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਤੇ ਚੌਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਚੌਰ ਦਾ ਇਕ ਹੀ ਭਾਵ ਹੈ, ਕਿਉਂਕਿ ਤਿੰਨੋ ਇਕੋ ਰੂਪ ਹਨ ਤੇ ਇਕ ਦੂਸਰੇ ਤੋਂ ਅਨਿਖੜਵੇਂ ਹਨ । ਪਰਮਾਤਮਾ ਦਾ ਸਭ ਤੋਂ ਉਚਾ ਤਖਤ ਤੇ ਦਰਬਾਰ, ਅਤੇ ਉਸ ਵਿੱਚ ਸਸ਼ੋਭਤ ਹੁੰਦਿਆਂ ਪਰਮਾਤਮਾ ਤੇ ਚੌਰ, ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪੇ ਵਡੇ ਦਰਬਾਰ ਤੇ ਤਖਤ ਉਤੇ ਬਿਰਾਜਮਾਨ ਹੁੰਦਿਆਂ ਤੇ ਚੌਰ ਦੀ ਸੇਵਾ ਦਾ ਇਕ ਹੀ ਭਾਵ ਹੈ, ਜਿਸ ਨੂੰ ਗੁਰੂ ਸਾਹਿਬ ਜੀ ਦੀ


www.AKJ.Org

ਤਾਬਿਆ ਕੋਈ ਭੀ ਸਿੰਘ, ਸਿੰਘਣੀ ਆਪਣੀ ਆਪਣੀ ਹਾਜ਼ਰੀ ਸਮੇਂ ਨਿਭਾਉਂਦੇ ਹਨ, ਆਦਰ ਸਤਿਕਾਰ ਲਈ, ਨਾ ਕਿ ਮੱਖੀਆਂ ਉਡਾਉਣ ਲਈ, ਜਿਵੇਂ ਕਿ ਕਈ ਅਣਜਾਣ ਸੱਜਣ ਕਹਿ ਦਿੰਦੇ ਹਨ । ਉਨ੍ਹਾਂ ਨੂੰ ਗੁਰੂ ਸਾਹਿਬਾਨ ਜੀ ਦੀ ਖਾਸ ਕਰਕੇ ਸ਼ਬਦ ਗੁਰੂ, ਜੋ ਪਰਮਾਤਮਾ ਰੂਪ ਹੈ, ਦੇ ਵੱਡਪਣ ਦੀ ਸੋਝੀ ਨਹੀਂ ਤੇ ਉਕੀ ਹੀ ਸ਼ਰਧਾ ਨਹੀਂ, ਨਹੀਂ ਤਾਂ ਇਹ ਅਦਬ, ਸਤਿਕਾਰ ਰਹਿਤ ਬਚਨ ਉਨ੍ਹਾਂ ਦੇ ਖਿਆਲ ਵਿਚ ਹੀ ਨਾ ਆਉਣ ।

ਅੰਤ ਵਿੱਚ ਵੰਨਗੀ ਵਜੋਂ ਉਹ ਮੁਖਵਾਕ ਦਿਤੇ ਜਾਂਦੇ ਹਨ ਜੋ

**ਗੁਰੁ ਪਾਰਬ੍ਰਹਮੁ ਪਰਮੇਸਰੁ ਆਪ ।।** (ਪੰਨਾ-੩੮੭)

ਉਤੇ ਚੌਰ ਕੀਤੇ ਜਾਣ ਤੇ ਹੋ ਰਹੇ ਬਾਰੇ ਸ਼ਾਅਦੀ ਭਰਦੇ ਹਨ - -

**ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ।।**
**ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ।।੧।।੪੨ ।।** (ਪੰਨਾ-੭੪੫)
**ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ।।**
**ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ।।੧।। ਰਹਾਉ ।।** (ਪੰਨਾ-੭੪੯)
**ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ ।।੬।।** (ਪੰਨਾ-੧੦੧੯)
**ਪੰਚ ਸਬਦ ਨਿਰਮਾਇਲ ਬਾਜੇ ।। ਢੁਲਕੇ ਚਵਰ ਸੰਖ ਘਨ ਗਾਜੇ ।।** (ਪੰਨਾ-੯੭੪)
**ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ ।।**
**ਗੁਰ ਅਰਜੁਨ ਸਿਰਿ ਛਤ੍ਰ ਆਪਿ ਪਰਮੇਸਰਿ ਦੀਅਉ ।।** (ਪੰਨਾ-੧੪੦੯)

ਅਤੇ ਸਪਸ਼ਟ ਕਰਦੇ ਹਨ ਕਿ ਗੁਰੂ ਸਾਹਿਬ ਜੀ ਉਪਰ ਚੌਰ ਦੀ ਸੇਵਾ ਗੁਰੂ ਸਾਹਿਬ ਜੀ ਦਾ ਅਦਬ ਸਤਿਕਾਰ ਕਾਇਮ ਰੱਖਣ ਲਈ ਕੀਤੀ ਜਾਂਦੀ ਹੈ, ਨਾ ਕਿ ਮੱਖੀਆਂ ਉਡਾਉਣ ਲਈ । ਗੁਰੂ ਜੀ ਸਭ ਨੂੰ ਸ਼ਰਧਾ ਬਖਸ਼ਣ ।


# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | | |
|---|---|---|---|---|---|
| ਜੇਲ੍ਹ ਚਿੱਠੀਆਂ | ੩੫-੦੦ | ਅਣਡਿੱਠੀ ਦੁਨੀਆ | ੨੫-੦੦ | ਗੁਰਮਤਿ ਨਾਮ ਅਭਿਆਸ ਕਮਾਈ | ੨੦-੦੦ |
| ਗੁਰਮਤਿ ਲੇਖ | ੨੦-੦੦ | ਗੁਰਮਤਿ ਵਿਚਾਰ | ੨੦-੦੦ | ਅਨਹਦ ਸ਼ਬਦ ਦਸਮ ਦੁਆਰ | ੧੫-੦੦ |
| ਗੁਰਮਤਿ ਬਿਬੇਕ | ੨੦-੦੦ | ਗੁਰਮਤਿ ਪ੍ਰਕਾਸ਼ | ੧੫-੦੦ | ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੨੦-੦੦ |
| ਗੁਰਮਤਿ ਗੌਰਵਤਾ | ੩੨-੦੦ | ਸਚਖੰਡ ਦਰਸ਼ਨ | ੭-੫੦ | ਕੀ ਗੁਰੂਗ੍ਰੰਥ ਸਾਹਿਬ ਪੂਜਾ ਬੁੱਤਪ੍ਰਸਤੀ ਹੈ ? | ੧੨-੦੦ |
| ਰੰਗਲੇ ਸੱਜਣ | ੨੦-੦੦ | ਗੁਰਮਤਿ ਸੱਚ ਨਿਰਣੈ | ੧੫-੦੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੮-੫੦ | ਦਰਸ਼ਨ ਝਲਕਾਂ | .... | ਚਰਨ ਕਮਲ ਕੀ ਮਉਜ | .... |
| ਸੰਤ ਪਦ ਨਿਰਣੈ | -- | ਗੁ: ਕਰਮ ਫ਼ਿਲਾਸਫ਼ੀ | ... | ਕੋ ਵਿਰਲਾ ਗੁਰਮਤਿ ਚਲੈ ਜੀਉ | ੧-੫੦ |
| ਅੰਮ੍ਰਿਤ ਕੀ ਹੈ ? | ੩-੦੦ | ਅੰਮ੍ਰਿਤ ਕਲਾ | ੨-੫੦ | ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੫੦ |
| ਗੁਰਮਤਿ ਰਮਜ਼ਾਂ | ੨-੫੦ | ਵਾਹਿਗੁਰੂ ਸਿਮਰਨ | ੧-੫੦ | ਸਿੰਘਾਂ ਦਾ ਪੰਥ ਨਿਰਾਲਾ | ੨-੦੦ |
| ਉਮਰ ਕੈਦੀ ਦਾ ਸੁਪਨਾ | ੧-੫੦ | ਸਿੱਖ ਕੌਣ ਹੈ | ੧-੫੦ | ਬਾਬਾ ਵੈਦ ਰੋਗੀਆਂ ਦਾ | ੧-੫੦ |
| ਸੱਚੀਆਂ ਦਾੜ੍ਹੀਆਂ | ੧-੫੦ | ਆਸਤਕ ਤੇ ਨਾਸਤਕ | ੧-੦੦ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੧-੫੦ |
| ਸ਼ੰਕਿਆਂ ਦੇ ਉਤਰ | ੨-੫੦ | | | ਤਿਮਰ ਅਗਿਆਨ ਤੋਂ ਉਜਿਆਰਾ | ੧-੬੦ |
| ਨਾਮ ਸੰਬੰਧੀ ਵਿਚਾਰ | ੨-੫੦ | | | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ | ੧-੦੦ |
| ਸਿੱਖੀ ਸਿਦਕ ਤੇ ਧਰਮ ਰਖਿਆ | | | | ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | |
| AUTOBIOGRAPHY OF BHAI SAHIB RANDHIR SINGH JI | 45-00 | | | MEANING OF SIKH BAPTISM (ਅੰਮ੍ਰਿਤ ਕੀ ਹੈ ਦਾ ਅਨੁਵਾਦ) | ੮-੫੦ |


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ ਮੁਗਲਾਂ ਜ਼ਹਿਰ ਪਿਆਲੇ ਪੀਤੇ(੪੧.)

(ਕੈਪਟਿਨ ਸਵਰਨ ਸਿੰਘ ਜੀ)

## ਸਿੱਖਾਂ ਦੀ ਇਕ–ਵਾਢਿਓਂ ਕਤਲੇਆਮ ਦਾ ਹੁਕਮ–

ਲਖਪਤ ਨੇ ਆਪਣੇ ਬੋਲ ਪੁਗਾਉਣ ਲਈ ਯਾਹੀਯਾ ਖਾਨ ਪਾਸੋਂ ਸਿੱਖਾਂ ਦੀ ਇਕ-ਵਾਢਿਉਂ ਕਤਲੇਆਮ ਦਾ ਹੁਕਮ ਲੈ ਲਿਆ। ਲਾਹੌਰ ਸ਼ਹਿਰ ਤੇ ਪਿੰਡਾਂ ਵਿੱਚ ਡੌਂਡੀ ਪਿਟਵਾ ਦਿਤੀ, " ਜਿਥੇ ਵੀ ਕੋਈ ਸਿੱਖ ਮਿਲੇ ਫੌਰਨ ਥਾਂ ਤੇ ਹੀ ਮਾਰ ਦਿੱਤਾ ਜਾਵੇ। ਉਸ ਦਾ ਘਰ-ਘਾਟ ਮਾਰਨ ਵਾਲੇ ਦਾ ਹੋਵੇਗਾ। ਜਿਹੜਾ ਵੀ ਗੁਰੂ ਗੋਬਿੰਦ ਸਿੰਘ ਦਾ ਨਾਮ ਲਵੇ, ਉਸ ਨੂੰ ਤੁਰੰਤ ਕਤਲ ਕੀਤਾ ਜਾਵੇ। ਸਿੱਖਾਂ ਦੇ ਸਿਰਾਂ ਦਾ ਇਨਾਮ ਦਿੱਤਾ ਜਾਵੇਗਾ। "[੧]

੧) ਸਾਰੇ ਪੰਜਾਬ ਵਿੱਚ ਸਿੱਖਾਂ ਦਾ ਕਤਲੇਆਮ ਸ਼ੁਰੂ ਹੋ ਗਿਆ। ਹੁਣ ਤੀਕ ਤਾਂ ਸਿਰਫ ਖਾੜਕੂ ਸਿੰਘਾਂ ਨੂੰ ਹੀ ਕਤਲ ਕੀਤਾ ਜਾਂਦਾ ਸੀ। ਪਰ ਲਖਪਤ ਨੇ ਸਿੱਖਾਂ ਦੀ ਕਤਲੇਆਮ ਵੀ ਆਰੰਭ ਕਰ ਦਿਤੀ। ਇਸ ਹੁਕਮ ਦਾ ਸਾਰੇ ਇਸ਼ਤਿਹਾਰ ਫੇਰ ਦਿੱਤਾ ਕਿ ਕੋਈ ਆਦਮੀ ਗੁੜ ਨਾ ਕਹੇ, ' ਭੇਲੀ ' ਕਹੇ ਕਿਉਂ ਜੋ ਗੁੜ ਕਹਿਆਂ ਗੁਰੂ ਚੇਤੇ ਆਉਂਦਾ ਹੈ । ਏਸੇ ਤਰ੍ਹਾਂ ਗੁਰੂ ਗ੍ਰੰਥ ਨਾ ਕਹੇ, ਪੋਥੀ ਕਹੇ। ਗੁਰਦਵਾਰੇ ਢਾਹ ਦਿਤੇ , ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤੇ ਸੈਂਚੀਆਂ, ਖੂਹਾਂ ਵਿਚ ਸੁਟਵਾਂ ਦਿਤੀਆਂ, ਸਾੜੀਆਂ ਗਈਆਂ। ਜਿਥੇ ਵੀ ਕਿਤੇ ਕੋਈ ਸਿੱਖੀ ਦਾ ਚਿੰਨ੍ਹ ਨਜ਼ਰ ਆਇਆ, ਖ਼ਤਮ ਕਰ ਦਿੱਤਾ ਗਿਆ।

ਇਹ ਕਤਲੇਆਮ ਸਭ ਤੋਂ ਪਹਿਲਾਂ ਲਾਹੌਰੋਂ ਆਰੰਭ ਹੋਈ। ਜਿੰਨੇ ਸਿੱਖ ਸਰਕਾਰੀ ਚਾਕਰੀ ਵਿੱਚ ਸਨ, ਫੜਲਏ ਗਏ। ਇਨ੍ਹਾਂ ਵਿਚ ਹੀ ਲਾਹੌਰ ਦਾ ਕੋਤਵਾਲ ਸ: ਸੁਬੇਗ ਸਿੰਘ ਜੰਬਰ ਤੇ ਉਸ ਦਾ ਪੁੱਤਰ ਸ਼ਹਿਬਾਜ਼ ਸਿੰਘ ਫੜ ਮੰਗਵਾਏ। ਲਾਹੌਰ ਵਿੱਚ ਰਹਿੰਦੇ ਹੋਰ ਗੁਰਮੁਖ ਸਿੱਖ, ਜਿਨ੍ਹਾਂ ਉਤੇ ਜ਼ਕਰੀਆਂ ਖਾਨ ਜਾ ਯਹੀਯਾ ਖਾਨ ਦੀ ਸਰਕਾਰ ਨੇ ਕਦੀ ਵੀ ਸ਼ੱਕ ਨਹੀਂ ਸੀ ਕੀਤਾ, ਸਭ ਫੜ ਲਏ ਗਏ। ਦਲ ਖਾਲਸਾ ਦੇ ਜੰਗੀ ਸਿੰਘ ਤਾਂ ਸਰਕਾਰ ਵਲੋਂ ਬਾਗੀ ਸਮਝੇ ਜਾਂਦੇ ਤੇ ਕਤਲ ਹੁੰਦੇ ਰਹੇ, ਪਰ ਇਸ ਵਾਰ ਤਾਂ ਸਿੱਖ ਹੋਣਾ ਹੀ ਜੁਰਮ ਕਰਾਰ ਕਰ ਦਿੱਤਾ ਗਿਆ ਤੇ ਬਾਗੀਆ ਵਾਂਗ ਕਤਲ ਦਾ ਹੁਕਮ। ਜਾਨ ਬਚਾਉਣ ਦਾ ਇਕੋ ਢੰਗ ਸੀ ਕਿ ਇਸਲਾਮ-ਧਾਰਨ ਕਰ ਲਿਆ ਜਾਵੇ ਜਾਨ ਨਾਲੋਂ ਧਰਮ ਪਿਆਰਾ ਸਮਝਣ ਵਾਲੇ ਕਦ ਇਸ ਰਾਹੇ ਪੈਂਦੇ ਸਨ। ਸੋ ਫੜੇ ਹੋਏ ਸਿੱਖਾਂ ਦੇ ਕਤਲ ਦਾ ਹੁਕਮ ਲਖਪਤ ਵਲੋਂ ਦਿੱਤਾ ਗਿਆ। ਸ਼ਹਿਰ ਦੀਆਂ ਨਾਮਵਰ ਹਸਤੀਆਂ ਜਿਵੇਂ ਦੀਵਾਨ ਕੌੜਾ ਮੱਲ, ਕੁੰਜਾਹੀ ਮੱਲ, ਕਸ਼ਮੀਰੀ ਮੱਲ ਖੁਰਾਣਾ, ਦੀਵਾਨ ਲੱਛੀ ਰਾਮ, ਦੀਵਾਨ ਸੂਰਤ ਸਿੰਘ, ਹਰੀ ਮੱਲ ਹਰੀ ਸਿੰਘ, ਗੁਲਜ਼ਾਰ ਸਿੰਘ ਤੇ ਭਾਈ ਦੇਸ ਰਾਜ ਸਮੇਤ ਸ਼ਹਿਰ ਦੇ ਬਹੁਤ ਸਾਰੇ ਸਾਧੂ ਸੰਤ ਤੇ ਪੀਰ ਫਕੀਰ ਲਖਪਤ ਪਾਸ ਮੇਲਾ ਬਣਾ ਕੇ ਆਏ ਕਿ ਤੂੰ ਇਨ੍ਹਾਂ ਬੇਦੋਸ਼ੇ ਸਿੰਘਾ ਨੂੰ ਕਿਉਂ ਮਾਰਦੈਂ, ਇਹ ਤਾਂ ਬਿਲਕੁਲ ਅਮਨ-ਪਸੰਦ ਲੋਕ ਹਨ ਤੇ ਧਰਮ ਦੀ ਕਿਰਤ ਕਰਕੇ ਗੁਜ਼ਰਾਨ ਕਰਦੇ ਹਨ। ਇਨ੍ਹਾਂ ਨੂੰ ਮੁਆਫ ਕਰਕੇ ਛੱਡ ਦਿੱਤਾ ਜਾਵੇ। ਇਨ੍ਹਾਂ ਬੇਦੋਸ਼ਿਆਂ ਨੂੰ ਮਾਰਨ ਦਾ ਉਪਦ੍ਰਵ ਨਾ ਕਰ । ਜਿਨ੍ਹਾਂ ਤੇਰਾ ਭਰਾ ਮਾਰਿਆ ਹੈ, ਉਨ੍ਹਾਂ ਨਾਲ ਜਿਵੇਂ ਮਰਜ਼ੀ ਕਰ ਲੈ। ਪਰ ਉਸ ਨੇ ਇਕ ਨਾ ਮੰਨੀ ਤੇ ਸਭ ਨੂੰ ਕਤਲ ਕਰਵਾ ਦੇਣ ਦਾ ਹੁਕਮ ਅੱਟਲ ਰਖਿਆ।

ਇਸ ਸਮੇਂ ਭਾਈ ਪ੍ਰਿਥੀ ਜੀ ਦੀ ਥਾਂ ਜਗਤ ਭਗਤ ਜੀ ਗੱਦੀ ਤੇ ਸਨ। ਲੋਕਾਂ ਨੂੰ ਫੁਰਿਆ ਅਤੇ ਲਖਪਤ ਦੇ ਗੁਰੂ ਭਾਈ ਜਗਤ ਭਗਤ ਮਾਣਕ ਵਾਲੇ ਨੂੰ ਜਾ ਕਿਹਾ ਕਿ ਲਖਪਤ ਫੜੇ ਹੋਏ ਸਿੱਖਾਂ ਨੂੰ ਚੇਤ ਦੀ ਸੋਮਵਾਰੀ ਮਸਿਆ ਵਾਲੇ ਦਿਨ ਮਰਵਾ ਦੇਣਾ ਚਾਹੁੰਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਨਾਲ ਲੈ ਆਏ । ਲਾਹੌਰ-ਵਾਸੀਆਂ ਨੇ ਭਾਈ ਜੀ ਦੀ ਜਬਾਨੀ ਲਖਪਤ ਨੂੰ ਇਸ ਘੋਰ ਪਾਪ ਤੋਂ ਵਰਜਣਾ ਚਾਹਿਆ, ਪਰ ਲਖਪਤ ਜੋ ਲੋਹੇ ਦਾ ਥਣ ਬਣਿਆ ਹੋਇਆ ਸੀ, ਕਦ ਇਨ੍ਹਾਂ ਦੀ ਮੰਨਣ ਵਾਲਾ ਸੀ। ਸਗੋਂ ਅਗੋਂ ਸੰਤਾ ਨੂੰ ਬੜੀ ਕਠੋਰਤਾ ਨਾਲ ਕਹਿਣ ਲੱਗਾ ਕਿ ਤੁਹਾਨੂੰ ਇਨ੍ਹਾਂ ਗੱਲਾਂ ਦਾ ਕੀ ਪਤਾ ਹੈ। ਤੁਸੀਂ ਡੇਰੇ ਹੀ ਬੈਠਿਆ ਕਰੋ। ਜਦ ਉਨ੍ਹਾਂ ਦੀ ਇਹ ਵੀ ਨਾ ਮੰਨੀ ਕਿ ਘੱਟ ਤੋਂ ਘੱਟ ਇਨ੍ਹਾਂ ਨੂੰ ਸੋਮਾਵਤੀ ਮਸਿਆ ਵਾਲੇ ਦਿਨ



www.AKJ.Org

ਨਾ ਮਾਰੋ, ਉਸ ਨੇ ਇਹ ਵੀ ਠੁਕਰਾ ਦਿੱਤਾ ਤੇ ਆਕੜ ਨਾਲ ਹੀ ਬੋਲਿਆ ਤਾਂ ਸੰਤਾ ਨੇ ਕਿਹਾ, " ਹੱਛਾ, ਜਿਸ ਪਾਣੀਓ ਉਗੀ ਹੈ, ਓਸੇ ਪਾਣੀ ਮਾਰਾਂਗੇ।" ਅਤੇ ਆਪ ਮਾਣਕ ਨੂੰ ਵਾਪਸ ਮੁੜ ਗਏ ।[2]

ਲਾਹੌਰ ਸ਼ਹਿਰ 'ਚ ਫੜੇ ਹੋਏ ਸਾਰੇ ਸਿੱਖ ਚੇਤ ਸੋਮਾਵਤੀ ਅਮਾਵਸ (੧੦ ਮਾਰਚ ੧੭੪੬ ਈ : ਮੁਤਾਬਕ ੧੩ ਚੇਤ ੧੮੦੨ ਬਿਕ :) ਦੇ ਦਿਨ ਨਖਾਸ ਚੌਕ ਸ਼ਹੀਦਗੰਜ- ਵਿਚ ਕਤਲ ਕਰਾ ਦਿਤੇ ਗਏ।

ਇਸ ਤੋਂ ਬਿਨਾਂ ਲਖਪਤ ਨੇ ਹੁਕਮ ਦੇ ਕੇ ਪ੍ਰਬੰਧ ਕੀਤਾ ਹੋਇਆ ਸੀ ਕਿ ਇਸ ਸੋਮਵਾਰੀ ਮੱਸਿਆ ਵਾਲੇ ਦਿਨ ਬਹੁਤ ਲੋਕ ਇਸ਼ਨਾਨ ਕਰਨ ਆਉਣਗੇ। ਉਨ੍ਹਾਂ ਵਿਚੋਂ ਸਾਰੇ ਸਿੱਖ ਫੜ ਕੇ ਮਾਰ ਦਿਤੇ ਜਾਣ । ਇਸ ਤੋਂ ਬਿਨਾਂ ਉਸ ਨੇ ਪੁਲਸ ਤੇ ਫੌਜ ਭੇਜ ਕੇ ਪਿੰਡਾ ਚੋਂ ਵਿਸਰ-ਭੋਲੇ ਬੈਠੇ ਸਿਖ ਟੱਬਰਾਂ ਸਮੇਤ ਫੜ ਮੰਗਵਾਏ ਤੇ ਨਖਾਸ ਚੌਂਕ ਵਿਚ ਸਭ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇਸ ਤਰ੍ਹਾਂ ਲਾਹੌਰ ਤੇ ਸਾਰੇ ਮਾਝੇ ਵਿਚ ਕੋਈ ਸਿਖ ਅਖਵਾਉਣ ਵਾਲਾ ਨਾ ਰਿਹਾ। ਜੇ ਕੋਈ ਪਹਿਲਾਂ ਸੂਹ ਮਿਲਣ ਕਰਕੇ ਬਚ ਨਿਕਲਿਆ, ਜੰਗਲੀ ਝਲੀਂ ਜਾ ਲੁਕਿਆ।

## ਲਖਪਤ ਦਾ ਸਿੰਘਾਂ ਮਗਰ ਲਗਣਾ:-

ਜਸਪਤ ਆਪਣੇ ਵਿਊ ਂ ਦੇ ਅਕੜੇਵੇਂ ਕਰਕੇ ਸਿੰਘਾਂ ਦੇ ਗਲ ਪਿਆ ਸੀ ਅਤੇ ਬਦੋ ਬਦੀ ਇਹ ਲੜਾਈ ਉਸ ਨੇ ਉਨ੍ਹਾਂ ਦੇ ਗਲ ਪਾਈ ਸੀ। ਦਲ ਖਾਲਸਾ ਜਸਪਤ ਨੂੰ ਕਤਲ ਕਰਕੇ ਐਮਨਾਬਾਦ ਤੇ ਜਾ ਪਿਆ ਤੇ ਸ਼ਹਿਰ ਨੂੰ ਚੰਗੀ ਤਰ੍ਹਾਂ ਲੁੱਟ ਕੇ ਰਾਵੀ ਦੀ ਝੱਲ ਵਿੱਚ ਆ ਵੜਿਆ।

ਲਖਪਤ ਸ਼ਹਿਰੀ ਸਿੱਖਾਂ ਦੀ ਕਤਲੇਆਮ ਤੋਂ ਵਿਹਲਾ ਹੋ ਕੇ ਦਲ ਖਾਲਸੇ ਦੇ ਵਿਨਾਸ਼ ਲਈ ਚੜ੍ਹਿਆ। ਇਸ ਵੇਲੇ ਸਭ ਸਿੰਘ ਰਾਵੀ ਦੀਆਂ ਝੱਲਾਂ ਵਿਚ ਲੁਕੇ ਹੋਏ ਸਨ। ਇਸ ਵੇਲੇ ਸ: ਜੱਸਾ ਸਿੰਘ ਆਹਲੂਵਾਲੀਆ, ਸ: ਨੌਧ ਸਿੰਘ ਸ਼ੁਕਰਚੱਕੀਆ, ਸ: ਸੁੱਖਾ ਸਿੰਘ ਮਾੜੀ ਕੰਬੋਕੀ, ਸ: ਗੁਰਦਿਆਲ ਸਿੰਘ ਡੱਲੇਵਾਲੀਆ ਆਦਿ ਉੱਘੇ ਜਥੇਦਾਰ ਸਨ। ਲਖਪਤ ਨੇ ਪੰਜਾਬ ਦੀ ਸਾਰੀ ਸ਼ਾਹੀ ਫੌਜ ਸਮੇਤ ਤੋਪਖਾਨੇ ਦੇ ਇੱਕਠੀ ਕੀਤੀ। ਇਲਾਕੇ ਦੇ ਸਭ ਫੌਜਦਾਰ ਤੇ ਚੌਧਰੀ ਆਪਣੀਆਂ ਧਾੜਾਂ ਲੈ ਕੇ ਨਾਲ ਆ ਮਿਲੇ। ਲਖਪਤ ਇਹ ਟਿੱਡੀ ਦਲ ਲੈ ਕੇ ਇਕ ਸਿਰਿਓ ਝੱਲਾਂ ਨੂੰ ਝਾੜਨ ਲੱਗ ਪਿਆ। ਸਿੰਘ ਝਲੋ ਝਲੀ ਹੌਲੀ ਹੌਲੀ ਅੱਗੋ ਵੱਧਦੇ ਜਾਂਦੇ ਸਨ ਅਤੇ ਲਖਪਤ ਮਗਰ ਮਗਰ ਵਧਿਆ ਆ ਰਿਹਾ ਸੀ. ਕਈ ਵਾਰ ਆਪਸ ਵਿਚ ਲੜਾਈ ਵੀ ਹੋਈ ਪਰ ਬਹੁਤਿਆਂ ਅਗੇ ਥੋੜਿਆਂ ਦੀ ਕੀ ਪੇਸ਼ ਜਾ ਸਕਦੀ ਹੈ ? ਸਿੰਘਾਂ ਪਾਸ ਨਾ ਕੋਈ ਰਸਦ ਦਾਣੇ ਦਾ ਸਾਮਾਨ ਸੀ ਅਤੇ ਨਾ ਹੀ ਗੋਲੀ ਬਾਰੂਦ। ਇਕ ਹਿਸਾਬ ਨਾਲ ਇਹ ਬਿਲਕੁਲ ਅਸਾਵੀਂ ਲੜਾਈ ਸੀ। ਸਿੰਘਾਂ ਪਾਸ ਹਠ, ਅਣਖ, ਦਲੇਰੀ ਤੇ ਹਰ ਹਾਲਤ ਵਿੱਚ ਆਪਣੀ ਜਿਤ ਦਾ ਨਿਸਚਾ ਵਡੇ ਹਥਿਆਰ ਸਨ। ਲਖਪਤ ਦੀ ਫੌਜ ਝੱਲ ਨੂੰ ਘੇਰਾ ਪਾ ਕੇ ਤੋਪਾਂ ਜੰਬੂਰਿਆਂ ਨਾਲ ਗੋਲੇ ਵਰ੍ਹਾਉ ਂਦੀ। ਅਗੋ ਸਗਵਾਂ ਜਵਾਬ ਦੇਣ ਲਈ ਸਿੰਘਾਂ ਪਾਸ ਕੋਈ ਤੋਪ ਜ਼ੰਬੂਰਾ ਜਾਂ ਰਹਿਫਲਾਂ ਨਹੀਂ ਸੀ। ਜਿਧਰ ਗੋਲੇ ਡਿਗਦੇ ਉਹ ਪਾਸਾ ਛੱਡ ਦੂਜੇ ਪਾਸੇ ਹੋ ਕੇ ਬੜੀ ਤੇਜੀ ਨਾਲ ਵੈਰੀ ਫੌਜ ਤੇ ਛਾਪਾ ਮਾਰ ਕੇ ਢਾਈ ਫਟਾਂ ਵਾਲੀ ਲੜਾਈ ਕਰਦੇ ਹੋਏ ਨੁਕਸਾਨ ਕਰਕੇ ਮੁੜ ਝੱਲ ਵਿੱਚ ਜਾ ਵੜਦੇ । ਸਰਦਾ ਤਾਂ ਗੋਲੀ ਬਾਰੂਦ ਬਿਨ੍ਹਾਂ ਵੀ ਨਹੀਂ ਸੀ ਪਰ ਢਿੱਡ ਨੂ ਝੁਲਕਾ ਦੇਣ ਲਈ ਵੀ ਤਾਂ ਕੁਝ ਪ੍ਰਬੰਧ ਹੋਵੇ। ਸਾਰਾ ਦੇਸ ਵੈਰੀ, ਗੋਲੀ ਬਾਰੂਦ ਤੇ ਖਾਣ ਪੀਣ ਨੂੰ ਕਿਥੋਂ ਮਿਲੇ। ਜੋ ਕੁਝ ਪਾਸ ਸੀ, ਉਹ ਮੁਕ ਚੁੱਕਾ ਸੀ। ਸਿਰਫ ਵਾਹਿਗੁਰੂ ਦੇ ਨਾਮ ਦਾ ਹੀ ਆਸਰਾ ਸੀ। ਝੱਲ ਵਿਚੋਂ ਜੋ ਕੁਝ ਮਿਲਦਾ, ਖਾ ਕੇ ਗੁਜ਼ਾਰਾ ਕਰਦੇ, ਪਰ ਆਪਣੀ ਅਣਖ ਤੇ ਡਟੇ ਰਹੇ। ਜਦ ਵੇਖਦੇ ਕਿ ਇਸ ਝੱਲ ਵਿੱਚ ਹੋਰ ਅਟਕਣਾ ਔਖਾ ਹੈ ਤਾਂ ਅਗਲੇ ਝੱਲ ਵਿੱਚ ਜਾ ਵੜਦੇ . ਇਸ ਤਰ੍ਹਾਂ ਹੌਲੀ ਹੌਲੀ ਰਾਵੀ ਦੇ ਸੱਜੇ ਕੰਢੇ ਪਹਾੜ ਵਲ ਨੂੰ ਵਧਦੇ ਜਾਂਦੇ ਸਨ। ਇਕ ਦਿਨ ਸਿੰਘਾਂ ਨੇ ਵੈਰੀ ਫੌਜ ਉਤੇ ਲੌਢੇ ਵੇਲੇ ਹੱਲਾ ਬੋਲ ਦਿਤਾ। ਥੋੜੇ ਸਮੇਂ ਦੀ ਲੜਾਈ ਵਿਚ ਕੇ, ਸਿੰਘ ਪਿਛਾਂਹ ਨੂੰ ਵਾਗਾਂ ਮੋੜ ਕੇ ਨਸ ਉਠੇ । ਦੁਸ਼ਮਣ ਨੇ ਸਮਝਿਆ ਕਿ ਸਿਖ ਮੈਦਾਨ ਛਡ ਕੇ ਜਾਨ ਬਚਾਉਣ ਲਈ ਦੂਰ ਨਿਕਲ ਗਏ ਹਨ। ਸੋ ਉਹ ਅਵੇਸਲੇ ਹੋ ਗਏ। ਪਰ ਸਿੰਘ ਆਪਣੇ ਦਾਅ ਤੇ ਸਨ। ਅਧੀ ਕੁ ਰਾਤ ਨੂੰ ਉਨ੍ਹਾਂ ਲਖਪਤ ਦੀ ਫੌਜ ਤੇ ਬੜਾ ਭਰਪੂਰ ਹੱਲਾ ਕੀਤਾ। ਫੌਜ਼ ਵਿਚ ਹਲ ਚਲ ਮੱਚ ਗਈ। ਕਿਸੇ ਨੂੰ ਇਕ ਦੂਜੇ ਦੀ ਸੁਧ ਲੈਣ ਦੀ ਸੁਰਤ ਨਾ


www.AKJ.Org

ਰਹੀ। ਬਹੁਤ ਸਾਰੇ ਅਨ੍ਹੇਰੇ ਵਿੱਚ ਆਪੋ ਵਿੱਚ ਜੁਟ ਪਏ ਤੇ ਕੱਟ ਮਰੇ, ਅਨੇਕਾਂ ਖਾਲਸੇ ਦੀ ਤੇਗ ਭੇਟ ਹੋ ਗਏ । ਫੌਜ ਦੇ ਸੰਭਲਣ ਤੇ ਤਿਆਰ ਹੋਣ ਤੱਕ ਸਿੰਘ ਸੈਂਕੜਿਆਂ ਨੂੰ ਕਤਲ ਕਰਕੇ ਤੇ ਘੋੜੇ ਖੋਹ ਕੇ ਜਿਧਰੋਂ ਆਏ ਸਨ, ਉਧਰ ਹੀ ਗਾਇਬ ਹੋ ਗਏ।

ਇਸ ਸ਼ਬਖ਼ੂਨ ਨੇ ਜਿਸ ਦਾ ਕਿਸੇ ਨੂੰ ਚਿਤਚੇਤਾ ਵੀ ਨਹੀਂ ਸੀ, ਵੈਰੀ ਫੌਜ ਦੇ ਹੌਸਲੇ ਨੂੰ ਪਸਤ ਕਰ ਦਿੱਤਾ। ਲਖਪਤ ਨੇ ਵੱਡੇ ਵਡੇ ਇਨਾਮਾਂ ਦਾ ਲਾਲਚ ਦੇ ਕੇ ਫੇਰ ਫੌਜਾਂ ਦੀ ਢਾਰਸ ਬੰਨ੍ਹਾਈ ਤੇ ਅਗੇ ਨਾਲੋਂ ਉਹ ਵਧੇਰੇ ਗੋਲਾ-ਬਾਰੀ ਕਰਨ ਲੱਗਾ। ਸਿੰਘ ਇਹ ਛਾਪਾ ਮਾਰਕੇ ਮੁੜ ਝੱਲ ਵਿਚ ਜਾ ਵੜੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਲਖਪਤ ਚਾਰ ਕੁ ਦਿਨ ਝਖ ਮਾਰ ਕੇ ਲਾਹੌਰ ਵਾਪਸ ਮੁੜ ਜਾਵੇਗਾ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਉਹ ਬੇਰੀ ਦਾ ਛਾਪਾ ਬਣਕੇ ਐਸਾ ਚਿੰਬੜੇਗਾ ਕਿ ਮਗਰੋਂ ਲਹਿਣ 'ਚ ਹੀ ਨਹੀਂ ਆਵੇਗਾ। ਨਹੀਂ ਤਾਂ ਇਸ ਵੇਲੇ ਝੱਲ ਚੋਂ ਨਿਕਲ ਦਰਿਆ ਟਪਕੇ ਦੁਆਬੇ ਮਾਲਵੇ ਨੂੰ ਬੜੀ ਆਸਾਨੀ ਨਾਲ ਜਾ ਸਕਦੇ ਸਨ।

ਜਦ ਲਖਪਤ ਨੇ ਪਿੱਛਾ ਨਾ ਛੱਡਿਆ ਤਾਂ ਸਿੰਘਾਂ ਨੇ ਸੋਚਿਆ ਕਿ ਪੜੋਲ ਕਠੂਏ ਵੱਲ ਵੱਧ ਚਲੋ। ਇਸ ਸਾਰੀ ਪਹਾੜੀ ਤੇ ਹਿੰਦੂਆਂ ਦੀ ਵਸੋਂ ਹੈ। ਇਨ੍ਹਾਂ ਦੇ ਸਿਰੋਂ ਅਸਾਂ ਤੁਰਕਾਂ ਦੀ ਜ਼ੁਲਮੀ ਛੱਟ ਲਾਹੀ ਹੋਈ ਹੈ, ਇਸ ਲਈ ਇਹ ਲਾਜ਼ਮੀ ਸਾਡੀ ਸਹਾਇਤਾ ਕਰਨਗੇ। ਪਰ ਖਾਲਸਾ ਇਹ ਨਾ ਸਮਝਿਆ ਕਿ ਯਹੀਯਾ ਖਾਨ ਦਾ ਹੱਥ- ਠੋਕਾ ਬਣਕੇ ਇਕ ਹਿੰਦੂ-ਲਖਪਤ ਸਾਡੀ ਮੁਕੰਮਲ ਤਬਾਹੀ ਕਰਨ ਲਈ ਲੱਕ ਬੰਨੀ ਹੱਥ ਧੋ ਕੇ ਮਗਰ ਲਗਾ ਆ ਰਿਹਾ ਹੈ, ਤਾਂ ਅਗੇ ਪਹਾੜੀ ਹਿੰਦੂ ਕਦ ਮਿਤਰ ਬਣਨ ਲੱਗੇ ਹਨ। ਅਗੇ ਲਖਪਤ ਵੀ ਕੋਈ ਕੱਚੀਆਂ ਗੋਲੀਆਂ ਨਹੀਂ ਸੀ ਖੇਡਿਆ ਹੋਇਆ। ਉਸ ਨੇ ਉਨ੍ਹਾਂ ਪਹਾੜੀਆਂ ਨੂੰ ਹੁਕਮ ਭੇਜ ਕੇ ਪਹਿਲਾਂ ਹੀ ਆਪਣੇ ਨਾਲ ਗੰਢ ਲਿਆ ਹੋਇਆ ਸੀ, ਲਾਹੌਰ ਦਰਬਾਰ ਵਲੋਂ ਕਰੜਾ ਹੁਕਮ ਭਿਜਵਾ ਛਡਿਆ ਸੀ ਕਿ ਕੋਈ ਸਿਖ ਬਚਕੇ ਨਾ ਨਿਕਲੇ। " ਸਿੱਖਾਂ ਦੀ ਸਹਾਇਤਾ ਕਰਨ ਵਾਲੇ ਨੂੰ ਮੌਤ ਦੀ ਸਜਾ ਤੇ ਸਿੱਖ ਮਾਰਨ ਵਾਲੇ ਨੂੰ ਇਨਾਮ " ਦਾ ਹੁਕਮ ਪਹਾੜੀਆਂ ਤੱਕ ਪੁੱਜ ਚੁੱਕਾ ਸੀ।

**ਪਹਾੜੀਆਂ ਦਾ ਧ੍ਰੋਹ** ਲਖਪਤ ਦੇ ਇਸ ਅਗਾਊਂ ਕੀਤੇ ਪ੍ਰਬੰਧ ਦਾ ਸਿੰਘਾਂ ਨੂੰ ਕੋਈ ਪਤਾ ਨਹੀਂ ਸੀ। ਸਿੰਘ ਪਹਾੜਾਂ ਤੇ ਚੜਨ ਲਗੇ ਤਾਂ ਅਗੇ ਪਹਾੜੀਆਂ ਦੇ ਪਰ੍ਹੇ ਨਜ਼ਰ ਆਏ। ਇਨ੍ਹਾਂ ਸਮਝਿਆ ਕਿ ਕੀਤੇ ਅਹਿਸਾਨਾਂ ਦਾ ਮੁੱਲ ਚੁਕਾਉਣ ਲਈ ਸਾਨੂੰ ਅਗੋਂ ਲੈਣ ਲਈ ਆਏ ਹਨ, ਸੋ ਬੇਧੜਕ ਹੋ ਕੇ ਉਨ੍ਹਾਂ ਵੱਲ ਵੱਧ ਗਏ। ਜੋ ਉਨ੍ਹਾਂ ਦੇ ਕਾਬੂ ਆਏ, ਉਨ੍ਹਾਂ ਉਸ ਵੇਲੇ ਹੀ ਮਾਰ ਦਿਤੇ। ਜੋ ਮਗਰ ਆ ਰਹੇ ਸਨ, ਉਨ੍ਹਾਂ ਨੂੰ ਗੋਲੀਆਂ ਦਾ ਨਿਸ਼ਾਨਾਂ ਬਣਾਉਣਾ ਆਰੰਭ ਕਰ ਦਿੱਤਾ। ਹੁਣ ਸਿੰਘਾਂ ਨੂੰ ਸੋਝੀ ਪਈ ਕਿ ਅਸੀਂ ਤਾਂ ਕੁਥਾਂ ਫਸੇ ਹਾਂ।

## ਸਿੰਘਾਂ ਸਿਰ ਘੋਰ ਬਿਪਤਾ :-

ਕੌਣ ਸਿੰਘਾਂ ਦੀ ਉਸ ਸਮੇਂ ਸਿਰ ਪਈ ਬਿਪਤਾ ਦਾ ਅਨੁਮਾਨ ਲਾ ਸਕਦੈ ? ਸਾਹਮਣੇ ਪਹਾੜ ਹੈ ਜਿਸ ਉਪਰ ਇਨਾਮਾਂ ਦੇ ਲਾਲਚ ਵਿਚ ਗ੍ਰਸੇ ਹੋਏ ਪਹਾੜੀਏ ਹਥਿਆਰ ਚੁਕੀ ਲੜਨ ਲਈ ਤਿਆਰ ਖੜੇ ਹਨ। ਪਿਛੇ ਲਖਪਤ ਫੌਜ ਨਾਲ ਗੋਲਾ ਬਾਰੀ ਕਰਦਾ ਚੜਿਆ ਆ ਰਿਹਾ ਹੈ। ਚੜਦੇ ਪਾਸੇ ਰਾਵੀ ਦਰਿਆ ਠਾਠਾਂ ਮਾਰ ਰਿਹਾ ਸੀ। ਸਿੰਘ ਤਿੰਨਾਂ ਪਾਸਿਆਂ ਤੋਂ ਬੁਰੀ ਤਰ੍ਹਾਂ ਘਿਰੇ ਹੋਏ ਸਨ।

ਸਲਾਹ ਇਹ ਹੋਈ ਕਿ ਰਾਵੀ ਟੱਪ ਕੇ ਮਾਝੇ ਦੁਆਬੇ ਵੱਲ ਖਿੰਡ ਜਾਈਏ। ਫਿਰ ਕਦੇ ਇੱਕਠੇ ਹੋ ਕੇ ਲੱਖੂ ਨਾਲ ਨਿਬੜ ਲਵਾਂਗੇ। ਪਰ ਰਾਵੀ ਦਾ ਬਹਾਉ ਏਸ ਥਾਂ ਐਸਾ ਤਿਖਾ ਸੀ ਕਿ ਕੋਈ ਵੀ ਠਿਲ੍ਹ ਕੇ ਪਾਰ ਨਹੀਂ ਸੀ ਲੱਗ ਸਕਦਾ। ਸ: ਗੁਰਦਿਆਲ ਸਿੰਘ ਡਲੇ ਵਾਲੀਏ ਦੇ ਦੋ ਭਰਾਵਾਂ ਨੇ ਹਿੰਮਤ ਕਰਕੇ ਘੋੜੇ ਦਰਿਆ ਵਿੱਚ ਸੁਟੇ ਕਿ ਗਾਹਣ ਦਾ ਪਤਾ ਕੀਤਾ ਜਾਵੇ ਤੇ ਆਪਣੇ ਭਰਾਵਾਂ ਨੂੰ ਬਚਾ ਕੇ ਲੈ ਨਿਕਲੀਏ। ਪਰ ਨਾ ਘੋੜਿਆਂ ਦਾ ਪਤਾ ਲਗਾ ਨਾ ਸਿੰਘਾਂ ਦਾ। ਅੰਤ ਇਹ ਸਲਾਹ ਵੀ ਛੱਡ ਦਿਤੀ।

www.AKJ.Org

## ਪੈਦਲ ਸਿੰਘ ਪਹਾੜਾਂ ਉਤੇ ਚੜ੍ਹੇ :–

ਹੁਣ ਅਗੇ ਕੀ ਕੀਤਾ ਜਾਵੇ ? ਤਿੰਨੀ ਪਾਸੀਂ ਮੌਤ ਮੂੰਹ ਅੱਡੀ ਖੜੀ ਸੀ। ਸਿੰਘਾਂ ਸੋਚਿਆ ਕਿ ਲਖਪਤ ਨਾਲੋਂ ਪਹਾੜੀਆਂ ਨੂੰ ਜਿਤ ਲੈਣਾ ਸੌਖਾ ਹੈ। ਸੋ ਪਹਾੜੀਆਂ ਉਤੇ ਹੱਲਾ ਬੋਲ ਦਿੱਤਾ ਤੇ ਮਾਰਮਾਰ ਪਿਛਾਂਹ ਹਟਾ ਕੇ ਇਕ ਪਹਾੜੀ ਉਤੇ ਵੀ ਕਬਜਾ ਕਰ ਲਿਆ। ਵੱਡੀ ਔਖੀ ਗੱਲ ਇਹ ਸੀ ਕਿ ਘੋੜਿਆਂ ਲਈ ਪਹਾੜ ਤੇ ਚੜਨਾ ਬਹੁਤ ਮੁਸ਼ਕਲ ਸੀ। ਹਥਿਆਰਾਂ ਨਾਲ ਘੋੜਿਆਂ ਲਈ ਪੌੜੇ ਬਣਾਉਂਦੇ, ਪੱਥਰ ਭੰਨ-ਕੁੱਟ ਕੇ ਪਰ੍ਹਾਂ ਕਰਦੇ, ਘੋੜੇ ਫਿਰ ਵੀ ਨਾ ਚੜ੍ਹ ਸਕਣ। ਜੋ ਤਿਲਕਿਆ, ਸਿਧਾ ਖਡੰਚ ਗਿਆ। ਕੇਵਲ ਪੈਦਲ ਆਦਮੀ ਹੀ ਚੜ੍ਹ ਸਕਦੇ ਸਨ। ਸੋ ਹੁਣ ਇਹ ਗੁਰਮਤਾ ਪਕਾਇਆ ਕਿ ਜੋ ਪੈਦਲ ਸਿੰਘ ਹਨ, ਪਹਾੜਾਂ ਤੇ ਚੜਨ ਤੇ ਪਹਾੜੀਆਂ ਨੂੰ ਮਾਰ ਕੁੱਟ ਕੇ ਪਛਾਂਹ ਧਕਦੇ ਜਿਸ ਤਰ੍ਹਾਂ ਵੀ ਹੋ ਸਕੇ, ਆਪਣੇ ਆਪ ਨੂੰ ਬਚਾਕੇ ਕਿਧਰੇ ਨਿਕਲ ਜਾਣ ਅਤੇ ਜੋ ਸਵਾਰ ਹਨ ਉਹ ਪਹਾੜ ਦਿਆਂ ਪੈਰਾਂ ਲਾਗੇ ਡੱਟ ਕੇ ਖਲੋ ਜਾਣ ਤੇ ਜਿੰਨਾਂ ਚਿਰ ਪੈਦਲ ਸਿੰਘ ਪਹਾੜਾਂ ਤੇ ਨਹੀਂ ਚੜ ਜਾਂਦੇ, ਫੌਜ਼ ਨੂੰ ਪੈਦਲ ਵਲ ਨਾ ਵਧਣ ਦੇਣ। ਉਪਰੰਤ ਲਖੂਦੀ ਫੌਜ ਤੇ ਧਾਵਾ ਬੋਲ ਕੇ ਉਸ ਨੂੰ ਚੀਰ ਪਾੜ ਕੇ ਵਿਚ ਦੀ ਲੰਘ ਜਾਇਆ ਜਾਵੇ। ਤੇ ਫਿਰ ਮਾਝੇ ਵਲ ਨਿਕਲ ਜਾਣ।

ਲਾਹੌਰੀ ਫੌਜ ਨੂੰ ਪਿਛਾਂਹ ਡੱਕ ਕੇ ਪੈਦਲ ਤਾਂ ਪਹਾੜਾਂ ਤੇ ਚੜ੍ਹਾ ਦਿਤੇ, ਪਰ ਕਈ ਦਿਨਾਂ ਦੇ ਢਿੱਡੋਂ ਭੁਖਿਆਂ ਤਿਹਾਇਆਂ ਨੇ ਕੀ ਕਰ ਤੇ ਲੜ ਲੈਣਾ ਸੀ। ਇਨ੍ਹਾਂ ਤੋਂ ਪਹਾੜੀਏ ਜਿਤੇ ਨਾ ਜਾ ਸਕੇ, ਕਿਉਂਕਿ ਥੋੜਿਆਂ ਦੀ ਬਹੁਤਿਆਂ ਅਗੇ ਕੋਈ ਪੇਸ਼ ਨਾ ਜਾਵੇ। ਕੁਝ ਮਾਰੇ ਗਏ, ਕੁਝ ਫੜ ਲਏ, ਜੋ ਪਿਛੋਂ ਲਾਹੌਰ ਭੇਜ ਦਿਤੇ ਗਏ। ਕੁਝ ਪਹਾੜੀਆਂ ਨੂੰ ਚੀਰ ਪਾੜਕੇ ਸੁਟ ਗਏ ਤੇ ਪਹਾੜੋ- ਪਹਾੜੀ, ਹਜ਼ਾਰਾਂ ਮੁਸੀਬਤਾਂ ਝਲਦੇ ਹੋਏ ਕੀਰਤਪੁਰ ਜਾ ਇਕੱਠੇ ਹੋਏ ਅਤੇ ਮਹੀਨਿਆਂ ਪਿਛੋਂ ਸੂਹ-ਪਤੇ ਕਢ ਕਢ ਕੇ ਸਿੰਘਾਂ ਵਿੱਚ ਜਾ ਰਲੇ। ਪੰਥ ਦੀ ਸ਼ਕਤੀ ਦੇ ਪ੍ਰਤੀਕ ਤੇ ਦਲਖਾਲਸਾ ਦੀ ਰੀੜ੍ਹ ਦੀ ਹੱਡੀ ਘੋੜਿਆਂ ਵਾਲੇ ਹੀ ਸਨ। ਪੈਦਲ ਸਿੰਘਾਂ ਨੂੰ ਪਹਾੜਾਂ ਤੇ ਚੜ੍ਹਾ ਕੇ ਹੁਣ ਉਹ ਲਖਪਤ ਦੀਆਂ ਫ਼ੌਜਾਂ ਸਾਹਮਣੇ ਹੋਏ ਇਕ ਬਾਹੀ ਤੇ ਜਾ ਪਏ। ਸ਼ਾਹੀ ਸੈਨਾ ਨੇ ਇਨ੍ਹਾਂ ਤੁੰਦ ਸ਼ੇਰਾਂ ਦਾ ਕੀ ਟਾਕਰਾ ਕਰ ਲੈਣਾ ਸੀ। ਹੁਰਲ ਹੋ ਗਈ ਤੇ ਮੋਰਚੇ ਤੇ ਕਬਜ਼ਾ ਕਰ ਲਿਆ। ਇਹ ਲੜਾਈ ਬਹੁਤ ਦੇਰ ਤੱਕ ਜਾਰੀ ਰਖਣਾ ਸਿੰਘਾਂ ਲਈ ਲਾਹੇਵੰਦਾ ਨਹੀਂ ਸੀ। ਗੁਰਮਤਾ ਇਹ ਹੋਇਆ ਕਿ ਸ਼ਾਹੀ ਸੈਨਾ ਨੂੰ ਮਾਰ-ਕੱਟ ਕੇ ਵਿਚਦੀ ਲੰਘ ਜਾਇਆ ਜਾਵੇ।

## ਸ: ਸੁੱਖਾ ਸਿੰਘ ਮਾੜੀ ਕੰਬੋਕੀ ਦਾ ਭਰਪੂਰ ਹੱਲਾ :–

ਸ੍ਰ: ਸੁਖਾ ਸਿੰਘ ਨੇ ਕਿਹਾ- ਸਿੰਘੋ ! ਵੈਰੀ ਰਾਹ ਰੋਕੀ ਖੜਾ ਹੈ ਤੇ ਇਕ ਨਾ ਇਕ ਕਰਨ ਤੇ ਤੁਲਿਆ ਹੋਇਆ ਹੈ । ਜਾਨਾਂ ਲੁਕਾਇਆ ਨਹੀਂ ਸਰਨੀ। ਧਾਅ ਕੇ ਵੈਰੀ ਦੇ ਗਲ ਪੈ ਜਾਈਏ। ਘੇਰੇ'ਚ ਆ ਕੇ ਮਰਨ ਨਾਲੋਂ ਵੈਰੀ ਦੇ ਗਲ ਲੱਗ ਕੇ ਮਰੀਏ ਅਤੇ ਸਿੰਘਾਂ ਦੀ ਤੇਗ ਦੇ ਜੌਹਰਾਂ ਦੀ ਪਰਖ ਹੋ ਜਾਵੇ। ਛੋਟੇ ਭਰਾ ਨੇ ਅੱਗੇ ਸਿੰਘਾਂ ਨਾਲ ਲੜਕੇ ਸੁਆਦ ਵੇਖ ਲਿਆ, ਅੱਜ ਵੱਡੇ ਨੂੰ ਮਜ਼ਾ ਚਖਾ ਦਈਏ। ਇਹੋ ਜਿਹਾ ਵੇਲਾ ਫੇਰ ਹੱਥ ਨਹੀਂ ਆਉਣਾ। ਸੂਰਮਿਓ ! ਆਓ, ਮੇਰੇ ਮਗਰ ਆਓ, ਜਿਸਨੇ ਮਰਦਾਂ ਵਾਂਗ ਲਖਪਤ ਨਾਲ ਡਹਿਕੇ ਮਰਨਾ ਹੈ। ਇਹ ਲਲਕਾਰਾ ਸੁਣ ਕੇ " ਸਤਿ ਸ੍ਰੀ ਅਕਾਲ " ਦੇ ਜੈਕਾਰੇ ਛਡਦੇ ਹੋਏ ਸਿੰਘ ਵੈਰੀ ਉਤੇ ਟੁੱਟ ਪਏ। ਲੜਾਈ ਬੜੀ ਗਹਿ-ਗੱਚ ਹੋਈ। ਸ਼ਾਹੀ ਸੈਨਾ ਸਿੰਘਾਂ ਅਗੇ ਸੰਭਲ ਨਾ ਸਕੀ। ਮਾਰੋ ਮਾਰ ਕਰਦੇ ਹੋਏ ਉਹ ਸੈਨਾ ਅੰਦਰ ਦੂਰ ਤਕ ਘੁਸ ਗਏ। ਲਖਪਤ ਜ਼ੰਬੂਰਿਆਂ ਤੇ ਤੋਪਾਂ ਵਿਚਕਾਰ ਲਾਲ ਅੰਬਰੀ ਵਾਲੇ ਹਾਥੀ ਉਤੇ ਬੈਠਾ ਸੀ। ਸਿੰਘਾਂ ਦਾ ਕਹਿਰੀ ਹੱਲਾ ਵੇਖ ਕੇ ਲਖਪਤ ਹਾਥੀ ਤੋਂ ਉਤਰ ਘੋੜੇ ਤੇ ਹੋ ਬੈਠਾ ਤੇ ਜਾਨ ਬਚਾਉਣ ਲਈ ਨੱਸਣ ਦੀ ਸੋਚਣ ਲੱਗਾ। ਵਧੀ ਦਾ ਢੋਅ ! ਇਕ ਪਲਭਰ ਦਾ ਫਰਕ ਪਿਆ ਐਨ ਉਸੇ ਵੇਲੇ ਸ: ਸੁਖਾ ਸਿੰਘ ਦੀ ਲੱਤ ਤੇ ਜੰਬੂਰੇ ਦਾ ਗੋਲਾ ਆ ਵਜਾ, ਜਿਸ ਨੇ ਪੱਟ ਦੀ ਹੱਡੀ ਤੋੜ ਦਿਤੀ। ਸੂਰਮੇ ਨੇ ਲੱਤ ਹੰਨੇ ਨਾਲ ਬੰਨ੍ਹ ਲਈ ਤੇ ਮਾਰੂ ਸੱਟ ਦਾ ਖਿਆਲ ਨਾ ਕਰਦਾ ਹੋਇਆ ਪਹਿਲਾਂ ਵਾਂਗ ਹੀ ਲੜਦਾ ਰਿਹਾ। ਜੋ ਮੂਹਰੇ ਆਇਆ, ਪਾੜ ਕੇ ਦੋ ਕਰ ਦਿਤਾ। ਪਰ ਉਹ ਆਪਣੇ ਨਿਸ਼ਾਨੇ ਤੇ ਨਾ ਪਹੁੰਚ ਸਕਿਆ। ਇਹ ਪਾਸਾ ਦਬੀਂਦਾ ਤੇ ਲਖਪਤ ਦੀ ਜਾਨ ਨੂੰ ਖਤਰਾ ਵੇਖ ਕੇ ਉਸ ਦਾ ਪੁੱਤਰ ਹਰਭਜਰਾਏ, ਯਹੀਯਾ ਖਾਨ ਦਾ ਪੁੱਤਰ ਨਾਹਰ ਖਾਂ ਤੇ ਹੋਰ ਕਈ ਜਰਨੈਲ ਆ ਗਏ। ਸ: ਸੁਖਾ


www.AKJ.Org

ਸਿੰਘ ਦੀ ਮਦਦ ਵਾਸਤੇ ਸ: ਜੱਸਾ ਸਿੰਘ ਆਹਲੂਵਾਲੀਆ ਤੇ ਕਈ ਸਰਦਾਰ ਆ ਗਏ। ਬੜੀ ਖੂਨ- ਵੀਟਵੀਂ ਲੜਾਈਹੋਈ। ਇਸ ਆਸਾਵੀਂ ਲੜਾਈ ਵਿੱਚ ਸਿੱਖਾਂ ਨਾਲੋਂ ਲਖਪਤ ਦਾ ਕਈ ਗੁਣਾ ਜ਼ਿਆਦਾ ਨੁਕਸਾਨ ਹੋਇਆ। ਉਸ ਦਾ ਪੁੱਤਰ ਹਰਭਜ ਗਏ ਸੂਬੇਦਾਰ ਯਹੀਯਾ ਖਾਨ ਦਾ ਪੁੱਤਰ ਨਾਹਰ ਖਾਨ, ਕਰਮ ਬਖਸ਼ ਫੌਜ਼ਦਾਰ ਰਸੂਲ ਨਗਰੀਆਂ ਤੇ ਮਖਮੂਰ ਖਾਨ ਆਦਿ ਸਮੇਤ ਕਈ ਸ਼ਾਹੀ ਸੈਨਾਂ ਦੇ ਉਘੇ ਸੂਰਮੇ ਸਿੰਘਾਂ ਹਥੋਂ ਮਾਰੇ ਗਏ।

## ਸਿੰਘ ਘੇਰਾ ਤੋੜਕੇ ਨਿਕਲ ਗਏ :–

ਵੰਝੀ ਉਚੀਆਂ ਚੜੀਆਂ ਆਉਂਦੀਆਂ ਛਲਾ ਵਾਂਗ ਜੋਸ਼ ਵਿਚ ਵਧਦੀਆਂ ਆ ਰਹੀਆਂ ਫੌਜਾਂ ਵਿੱਚ ਸਿੰਘਾਂ ਨੇ ਭਗਦੜ ਮਚਾ ਦਿਤੀ। ਵੈਰੀ ਨੂੰ ਚੀਰ ਕੇ ਸਿੰਘ ਅਗੇ ਨਿਕਲ ਗਏ। ਸਾਰਾ ਮੈਦਾਨ ਘਾਇਲਾਂ ਤੇ ਮਿਰਤਕਾਂ ਨਾਲ ਅਟ ਗਿਆ, ਪਰ ਲਖਪਤ ਸਿੰਘਾਂ ਦੇ ਅੜਿਕੇ ਨਾ ਆਇਆ ਤੇ ਬਚ ਗਿਆ। ਇਹ ਘਟਨਾ ੨ ਜੇਠ ੧੮੦੩ ਬਿਕ: ( ੨ ਜੂਨ ੧੭੪੬ ਈ: ) ਦੀ ਹੈ। ਸਿੰਘਾਂ ਨੂੰ ਆਪਣੇ ਘੱਤੇ ਹੋਏ ਘੇਰੇ 'ਚੋਂ ਨਿਕਲ ਗਏ ਵੇਖ ਕੇ ਵੈਰੀ ਹੌਸਲਾ ਢਾਹ ਬੈਠਾ । ਥੋੜੀ ਦੂਰ ਅਗੇ ਜਾ ਕੇ ਸਿੰਘਾਂ ਵੀ ਜੰਗਲ ਵਿਚ ਡੇਰੇ ਲਾ ਦਿਤੇ।

## ਵੈਰੀ ਫੌਜ ਤੇ ਸਿੰਘਾਂ ਦਾ ਸ਼ਬਖ਼ੂਨ (ਛਪੋਲ):–

ਲਖਪਤ ਦੀ ਫੌਜ ਜੋ ਸਾਰਾ ਦਿਨ ਡਾਢੇ ਵੈਰੀ ਨਾਲ ਜੂਝਦੀ ਰਹਿਕੇ ਥੱਕੀ ਪਈ ਸੀ ਨੇ ਉਥੇ ਹੀ ਡੇਰੇ ਜਮਾ ਲਏ। ਪਰ ਦੂਜੇ ਪਾਸੇ ਸਿੰਘਾਂ ਨੂੰ ਆਰਾਮ ਕਿਥੇ। ਰਾਤ ਨੂੰ ਅਗਲੇ ਕਦਮ ਲਈ ਸਿੰਘ ਇਕੱਠੇ ਹੋਏ। ਸ: ਸੁਖਾ ਸਿੰਘ ਅਤੇ ਸ: ਜੱਸਾ ਸਿੰਘ ਆਹਲੂਵਾਲੀਏ ਨੇ ਸਿੰਘਾਂ ਨੂੰ ਕਿਹਾ, " ਸੂਰਮਿਓ ! ਕਲਗੀਧਰ ਪਾਤਸ਼ਾਹ ਨੇ ਮਿਹਰ ਕੀਤੀ, ਤੁਸੀਂ ਤੇਗਾਂ ਨਾਲੋਂ ਰਸਤਾ ਬਣਾ ਕੇ ਵੈਰੀ ਫੌਜਾਂ ਵਿੱਚ ਦੀ ਸੁਰਖਰੂ ਨਿਕਲ ਆਏ ਹੋ। ਵਾਹਿਗੁਰੂ ਦਾ ਕੋਟਿ ਕੋਟਿ ਧੰਨਵਾਦ । ਅੱਜ ਨਿਕਲੇ ਹਾਂ, ਪਰ ਭਲਕੇ ਉਹ ਫੇਰ ਸਾਡੇ ਮਗਰ ਚੜੂ । ਸਾਡਾ ਪੰਧ ਅਜੇ ਦੁਰੇਡਾ ਹੈ। ਆਪਣੀ ਮੰਜ਼ਲਤੇ ਅਪੜਨ ਵਾਸਤੇ ਸਾਨੂੰ ਘੋੜਿਆਂ, ਸ਼ਸਤਰਾਂ ਤੇ ਹੋਰ ਲੋੜੀਦੀਆਂ ਵਸਤਾਂ ਦੀ ਲੋੜ ਹੈ। ਜ਼ਰਾ ਸੋਚੋ ਉਹ ਸਾਨੂੰ ਕਿਥੋਂ ਮਿਲ ਸਕਦੀਆਂ ਹਨ ? ਬੱਸ , ਪੰਥ ਦੇ ਉਸੇ ਵੈਰੀ ਲਖੂ ਕੋਲੋਂ । ਤੇ ਉਹ ਐਸ ਵੇਲੇ ਸਾਥੋਂ ਕੋਈ ਬਹੁਤੀ ਦੂਰ ਵੀ ਨਹੀਂ । ਸਾਨੂੰ ਨੱਸ ਗਏ ਸਮਝ ਕੇ, ਵੈਰੀ ਜਿੱਤ ਦੀ ਮਸਤੀ ਵਿਚ ਬੜੀ ਬੇਫਿਕਰੀ ਨਾਲ ਸੁੱਤਾ ਪਿਆ ਹੈ। ਇਹ ਵੇਲਾ ਹੈ ਸਾਡੀ ਸਫਲਤਾ ਦਾ। ਗਾਫਲ ਹੋ ਕੇ ਸੁੱਤੇ ਪਏ ਵੈਰੀ ਉਤੇ ਹੱਲਾ ਕਰ ਕੇ ਮਨ- ਮਰਜ਼ੀ ਦਾ ਸਾਮਾਨ ਲੈ ਆਵੋ।"

ਜ਼ਰਾ ਵਿਚਾਰੋ ਉਨ੍ਹਾਂ ਜੁਝਾਰੂ ਸੂਰਮਿਆਂ ਦਾ ਹੌਸਲਾ ! ਅਖੇ ਤਾਂ ਵੈਰੀ ਦੇ ਨਰਗੇ ਚੋਂ ਨਿਕਲਣ ਦਾ ਰਾਹ ਕੋਈ ਨਹੀਂ ਲਭਦਾ, ਤੇ ਜੇ ਸਿਰ ਤਲੀਆਂ ਤੇ ਰੱਖ, ਮਰ-ਮਰਾ ਕੇ ਬਾਹਰ ਨਿਕਲੇ ਹੀ ਹਨ, ਤਾਂ ਫਿਰ ਜਾਨ ਦੀ ਬਾਜ਼ੀ ਲਾ ਕੇ ਵੈਰੀ ਉਤੇ ਚੋਟ ਮਾਰਨ ਦੀ ਧਾਰ ਲਈ ਹੈ। ਗੁਰਮਤਾ ਸੋਧਿਆ ਗਿਆ । ਸ: ਸੁੱਖਾ ਸਿੰਘ ਉਸੇ ਹੀ ਹਾਲਤ ਵਿੱਚ ਹਮਲੇ ਦੀ ਅਗਵਾਈ ਲਈ ਅਗੇ ਹੋ ਤੁਰਿਆ। ਸ਼ਾਹੀ ਸੈਨਾ ਬੇਫਿਕਰ ਹੋ ਕੇ ਸੁੱਤੀ ਪਈ ਸੀ। ਸਿੰਘਾਂ ਸ਼ਹਿ ਸ਼ਹਿ ਪਾਸ ਅਪੜਕੇ ਬੜੀ ਤੇਜ਼ੀ ਨਾਲ ਹਮਲਾ ਕੀਤਾ। ਸਿਰ ਹੀ ਨਾ ਪੁਟਣ ਦਿੱਤਾ। ਜੋ ਕਾਬੂ ਆਏ, ਤਲਵਾਰ ਦੀ ਧਾਰ ਲੰਘਾਏ ਤੇ ਜੋ ਕੁਛ ਹੱਥ ਲੱਗਾ, ਸਮੇਟ ਕੇ ਜਿਧਰੋਂ ਆਏ ਸਨ, ਉਧਰ ਚਲਦੇ ਬਣੇ।

ਹਵਾਲੇ ਤੇ ਫੁਟ-ਨੋਟ

੧) ਸ: ਰਤਨ ਸਿੰਘ ਭੰਗੂ- ਪ੍ਰਾਚੀਨ ਪੰਥ ਪ੍ਰਕਾਸ਼ ( ਪਹਿਲੀ ਛਾਪ) ਸਫ਼ਾ ੨੯੩, ਨਵੀਂ ਛਾਪ ੩੦੭.

੨) ਸ: ਕਰਮ ਸਿੰਘ ਹਿਸਟੋਰੀਅਨ- ਇਤਿਹਾਸਕ ਖੋਜ ਸਫ਼ਾ ੭੦-੭੧.

੩) ਡਾ: ਗੰਡਾ ਸਿੰਘ - ਸਿੱਖ ਇਤਿਹਾਸ ਬਾਰੇ, ਸਫ਼ਾ ੯੦.



www.AKJ.Org

# " ਕੋ ਵਿਰਲਾ ਗੁਰਮੁਖਿ ਵੀਚਾਰਸੀ '

ਗੁਰੂ ਕੀ ਬਾਣੀ, ਧੁਰ ਦਰਗਾਹੀ ਬਾਣੀ, ਧੁਰੋਂ ਅਵਤਰੀ ਬਾਣੀ, ਕਰਤਾ ਪੁਰਖ ਦੀ ਬਾਣੀ ਹੈ। ਇਹ ਬਾਣੀ ਨਿਰੰਕਾਰ ਸਰੂਪ ਹੈ। ਇਸ ਨਿਰੰਕਾਰ ਸਰੂਪ ਬਾਣੀ ਨੂੰ ਨਿਜ ਅਕਲਾਂ ਨਾਲ ਸਮਝਣ ਦਾ ਯਤਨ ਕਰਨਾ ਨਿਰਾ ਮਨ-ਹਠ ਹੀ ਹੈ। ਕਿਸੇ ਵਿਰਲੇ ਗੁਰੂ- ਵਰੋਸਾਇ ਹਿਰਦੇ ਵਿੱਚ ਹੀ ਗੁਰਬਾਣੀ ਦੀ ਗੁਹਜ-ਕਲਾ ਦੀ ਸੋਝੀ ਹੋ ਆਉਂਦੀ ਹੈ। ਗੁਰਬਾਣੀ ਵਿੱਚ ਲੀਨ ਹੋਇਆ ਹਿਰਦਾ ਹੀ ਗੁਰਬਾਣੀ ਦੀ ਵੀਚਾਰ ਦਸ ਸਕਦਾ ਹੈ, ਨਹੀਂ ਤਾਂ ਨਿਰੇ ਬੁਧੀ ਮੰਡਲ ਵਿੱਚ ਵਿਚਰਨ ਵਾਲੇ ਪ੍ਰਾਣੀ ਦੁਨਿਆਵੀ ਵਿਦਿਆਵਾਂ ਦੇ ਬਲ-ਬੋਤੇ ਗੁਰਬਾਣੀ ਨੂੰ ਸਮਝਾਉਣ ਦੀਆਂ ਡੀਂਗਾਂ ਮਾਰਦੇ ਫਿਰਨ ਤਾਂ ਉਹ ਨਿਰੀ ਮਨਮਤੀ ਕਪੋਲ ਕਿਰਿਆ ਹੈ

ਹਰੇਕ ਗੁਰਸਿੱਖ ਲਈ ਗੁਰਬਾਣੀ ਪੜਨਾ ਅਤੇ ਗੁਰਬਾਣੀ ਨੂੰ ਵੀਚਾਰਨਾ ਅਤਿ ਜ਼ਰੂਰੀ ਹੈ। ਪਰ ਜੇ ਹਰ ਕੋਈ ਉੱਠ ਕੇ, ਬਿਨਾਂ ਗੁਰਮੁਖੀ ਜੀਵਨ ਜੀਣ ਦਾ ਉਪਰਾਲਾ ਕੀਤਿਆਂ, **ਬਿਨਾਂ ਅੰਮ੍ਰਿਤ ਵੇਲੇ ਦੀ ਸੰਭਾਲ ਕੀਤਿਆਂ**, ਬਿਨਾਂ ਗੁਰੂ-ਚਰਨਾਂ ਵਿੱਚ ਜੁੜਨ ਲਈ ਧਿਆਨ ਕੀਤਿਆਂ, ਐਵੇਂ ਹੀ ਫੋਕੀ ਵਿਦਿਆ ਦੇ ਤਾਣ ਤੇ ਗੁਰਬਾਣੀ ਨੂੰ ਸਮਝਾਣ ਸਮਝਾਣ ਲਈ ਉਪਰਾਲੇ ਕਰਦਾ ਫਿਰੇ ਤਾਂ ਇਹ ਉਸ ਦੀ ਨਿਜ-ਮਤੀ ਹਮਾਕਤ ਹੀ ਹੈ।

ਇਹ ਜਤਨ ਜਨ-ਸਾਧਾਰਨ ਦਾ ਮਸਲਾ ਨਹੀਂ, ਸਗੋਂ ਇਹ ਮਸਲਾ ਗੁਰਮੁਖ ਜਨਾਂ, ਗੁਰੂ ਕੇ ਸਨਮੁਖ ਜਨਾਂ, ਗੁਰੂ-ਚਰਨਾਂ ਨਾਲ ਜੁੜਨ ਦਾ ਉਪਰਾਲਾ ਕਰਨ ਵਾਲੇ ਜਨਾਂ ਨਾਲ ਹੀ ਸੰਬੰਧਤ ਹੋ ਸਕਦਾ ਹੈ। ਗੁਰੂ-ਚਰਨਾਂ ਨਾਲ ਜੁੜੇ ਹੋਏ ਗੁਰਮੁਖ ਜਨ ਵੀ ਇਹ ਡੀਂਗ ਨਹੀਂ ਮਾਰ ਸਕਦੇ ਕਿ ਉਨ੍ਹਾਂ ਨੂੰ ਬਾਣੀ ਦੇ ਪਾਠ ਦੀ ਸੋਝੀ ਹੋ ਆਈ ਹੈ, ਕਿਉਂਕਿ ਉਹ ਜਾਣਦੇ ਹਨ ਕਿ ਅਗਾਧ ਬੋਧ ਮਹਾਂ ਪੁਰਖ ਤੋਂ ਅਵਤਰੀ ਬਾਣੀ ਵੀ ਅਗਾਧ-ਬੋਧ ਹੈ। ਭੈ-ਭਾਵਨੀ ਵਿੱਚ ਵਿਚਰਦਿਆਂ ਹੋਇਆਂ ਹੀ, ਗੁਰੂ ਕਿਰਪਾ ਨਾਲ ਗੁਰਬਾਣੀ ਦੇ ਪਾਠਾਂ ਦੀ, ਸ਼ਬਦ ਜੋੜਾਂ ਤੇ ਉਚਾਰਨ ਦੀ ਸੋਝੀ ਹੋ ਆਉਂਦੀ ਹੈ, ਐਵੇਂ ਨਹੀਂ। ਜਿੰਨੀ ਜਿੰਨੀ ਕਿਸੇ ਹਿਰਦੇ ਵਿੱਚ ਪ੍ਰੇਮ-ਸ਼ਰਧਾ ਅਤੇ ਭੈ-ਭਾਵਨੀ ਹੁੰਦੀ ਹੈ ਉਤਨਾ ਉਤਨਾ ਹੀ ਉਸ ਹਿਰਦੇ ਨੂੰ ਇਸ ਬਾਣੀ ਦਾ ਉਘਾੜ ਹੁੰਦਾ ਹੈ ।

" ਲੜੀਦਾਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ " ਨਾਮਕ ਟ੍ਰੈਕਟ ਵਿਚੋਂ)

# ' ਸੂਰਾ' ਮਾਸਕ ਪੱਤਰ, ਲੁਧਿਆਣਾ

ਅਖੰਡ ਕੀਰਤਨੀ ਜੱਥੇ ਵਲੋਂ ਛਪ ਰਿਹਾ ' ਸੂਰਾ ' ਮਾਸਕ ਪੱਤਰ ਨਿਰੋਲ ਧਾਰਮਕ ਪੱਤਰ ਹੈ। ਇਸ ਦਾ ਮੁੱਖ ਮੰਤਵ ਹੈ :-

੧. ਦਸ ਗੁਰੂ ਸਾਹਿਬਾਨ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਦਾ ਦੇਸ਼ਾ ਬਦੇਸ਼ਾਂ ਵਿੱਚ ਪਰਚਾਰ ਕਰਨਾ।

੨. ਆਦਰਸ਼ ਸੱਚੇ ਸੁੱਚੇ ਗੁਰਮਤਿ ਜੀਵਨ ਨੂੰ ਅਪਣਾਉਣ ਦੀ ਪ੍ਰੇਰਨਾ ਕਰਨੀ ।

੩. ਸਿੱਖ ਧਰਮ, ਗੁਰਮਤਿ ਤੇ ਗੁਰਮਤਿ ਰਹਿਤ- ਰਹਿਣੀ ਨਾਲ ਪਿਆਰ ਉਪਜਾਉਣ ਲਈ ਯਤਨ

੪. ਸਿਖ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਦੇ ਰਹਿਣਾ ।

੫. ਨੌਜੁਆਨਾਂ ਨੂੰ ਕੁਸੰਗਤ ਤੋਂ ਬਚਣ ਤੇ ਸ਼ੁਭ ਗੁਣਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ।

੬. ਭੈੜੀਆਂ ਵਾਦੀਆਂ ਅਤੇ ਨਸ਼ਿਆਂ ਆਦਿ ਤੋਂ ਰੋਕਣ ਲਈ ਯਤਨ।

੭. ਕੇਸ ਦਾੜ੍ਹੀ ਨੂੰ ਸੁਰਜੀਤ ਰਖਣ ਲਈ ਪ੍ਰਭਾਵਸ਼ਾਲੀ ਵਿਚਾਰਾਂ ਦਾ ਪਰਚਾਰ।

੮. ਸਾਦਾ ਜੀਵਨ ਤੇ ਸਾਦਾ ਲਿਬਾਸ ਆਦਿ ਰੱਖਣ ਲਈ ਪ੍ਰੇਰਨਾ।

੯. ਸੇਵਾ ਸਿਮਰਨ ਆਪਣਾਉਣ ਲਈ ਪ੍ਰੇਰਨਾ।

੧੦. ਦੰਭੀਆਂ- ਪਖੰਡੀਆਂ ਤੇ ਪਰਪੰਚੀਆਂ ਦੇ ਪਾਜ ਉਘੇੜਨਾ।

www.AKJ.Org

# ਹੁਣ "ਸੂਰਾ" ਲੁਧਿਆਣੇ ਤੋਂ

ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਹੁਣ ਤੋਂ "ਸੂਰਾ" ਮਾਸਕ ਪੱਤਰ ਦੇ ਪ੍ਰਕਾਸ਼ਨ ਦੀ ਸੇਵਾ ਲੁਧਿਆਣੇ ਦੀ ਸੰਗਤ ਨੂੰ ਸੌਂਪੀ ਗਈ ਹੈ । ਅਸੀਂ ਇਸ ਸੇਵਾ ਦੇ ਯੋਗ ਤਾਂ ਨਹੀਂ ਹਾਂ ਪਰ ਹੁਕਮ ਸਿਰ ਮਥੇ ਤੇ । ਸਤਿਗੁਰੂ ਜੀ ਅਗੇ ਜੋਦੜੀ ਹੈ ਕਿ ਆਪਣੇ ਅੰਞਾਣ ਬਚਿਆਂ ਨੂੰ ਇਹ ਸੇਵਾ ਨਿਭਾਉਣ ਵਾਸਤੇ ਬਲ ਤੇ ਬੁੱਧੀ ਬਖਸ਼ਣ ਅਤੇ ਆਪਣਾ ਮਿਹਰ ਭਰਿਆ ਹੱਥ ਅਸਾਡੇ ਸਿਰ ਤੇ ਰੱਖਣ ।

ਅਖੰਡ ਕੀਰਤਨੀ ਜਥਾ ।
ਲੁਧਿਆਣਾ ।

---

# ਝਟਕਾ ਮਾਸ ਬਾਰੇ ਵਾਦ–ਵਿਵਾਦ

ਕਈ ਥਾਈਂ ਝਟਕਾ ਮਾਸ ਬਾਰੇ ਵਾਦ-ਵਿਵਾਦ ਖੜਾ ਕੀਤਾ ਜਾਂਦਾ ਹੈ ਅਤੇ "ਸੂਰਾ" ਦੇ ਪਾਠਕਾਂ ਵਲੋਂ ਇਸ ਬਾਰੇ ਪੁੱਛਾਂ ਆਉਂਦੀਆਂ ਹਨ । ਇਸ ਸਬੰਧ ਵਿਚ ਗੁਰਮਤਿ, ਗੁਰਬਾਣੀ ਅਤੇ ਇਤਿਹਾਸ ਦੀ ਅਸਲੀਅਤ ਦੇ ਸਾਹਮਣੇ ਹੇਠ ਲਿਖੀਆਂ ਪੁਸਤਕਾਂ ਤੇ ਟਰੈਕਟ ਪੜ੍ਹ ਕੇ ਸਹੀ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ -

| | | |
|---|---|---|
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣੈ | (ਭਾ: ਸਾ: ਰਣਧੀਰ ਸਿੰਘ ਜੀ) | ੧੨-੦੦ |
| ਸਿੱਖ ਧਰਮ ਤੇ ਮਾਸ ਸ਼ਰਾਬ | (ਜੇ. ਪੀ. ਸੰਗਤ ਸਿੰਘ) | ੨੦-੦੦ |
| ਤਉ ਕਿਉ ਮੁਰਗੀ ਮਾਰੈ | (ਭਾਈ ਜੋਗਿੰਦਰ ਸਿੰਘ ਜੀ ਤਲਵਾੜਾ) | ੨-੦੦ |
| ਖਾਲਸਾ ਰਹਿਤ ਮਰਯਾਦਾ | (ਸੂਰਾ ਪਰਵਾਰ) | ੩-੫੦ |
| ਗੁਰਬਾਣੀ ਰਹਿਤਨਾਮਾ | (ਭਾਈ ਸਾ: ਰਾਮ ਸਿੰਘ ਜੀ) | ੧-੫੦ |
| ਗੁਰਸਿੱਖ ਰਹਿਣੀ | (ਪ੍ਰੋ: ਅਮਰਜੀਤ ਕੌਰ) | ੨-੦੦ |

---

# ਸੁਹਿਰਦ ਲੇਖਕਾਂ ਪ੍ਰਤੀ ਬੇਨਤੀਆਂ

੧. ਰਚਨਾਵਾਂ ਹਾਸ਼ੀਆ ਛੱਡਕੇ ਕਾਗਜ਼ ਦੇ ਇੱਕ ਪਾਸੇ ਹੀ ਸਾਫ ਸੁਥਰੀਆਂ ਕਰਕੇ ਲਿਖੀਆਂ ਜਾਣ । ਫੋਟੋ ਕਾਪੀ ਜਾਂ ਕਾਰਬਨ ਕਾਪੀ ਭੇਜਣ ਤੋਂ ਗੁਰੇਜ਼ ਕੀਤਾ ਜਾਵੇ ਜੀ ।

੨. ਗੁਰਬਾਣੀ ਦੀਆਂ ਤੁਕਾਂ, ਲਗਾਂ, ਮਾਤ੍ਰਾਂ, ਲੇਖ ਵਿਚਲੇ ਸੰਨ ਸੰਮਤ, ਹਵਾਲੇ, ਤਾਰੀਖ ਆਦਿ ਚੰਗੀ ਤਰ੍ਹਾਂ ਸੋਧਕੇ ਲਿਖੀਆਂ ਜਾਣ । ਪੰਨਾ ਨੰਬਰ ਜ਼ਰੂਰ ਦਿੱਤਾ ਜਾਏ ।

੩. ਗੁਰਬਾਣੀ ਤੋਂ ਇਲਾਵਾ ਰਚਨਾਵਾਂ ਵਿੱਚ ਦਿਤੇ ਹਵਾਲੇ ਪੁਸਤਕ/ਲਿਖਾਰੀ ਦੇ ਨਾਂ ਸਮੇਤ ਦਿਤੇ ਜਾਣ ।

੪. ਆਪਣੇ ਨਾਮ ਦੇ ਨਾਲ ਜ਼ਾਤ ਗੋਤ ਨਾ ਲਿਖਿਆ ਜਾਏ ।

੫. ਰਚਨਾਵਾਂ ਅਤੇ ਹੋਰ ਕੀਰਤਨ ਪ੍ਰੋਗਰਾਮਾਂ ਸੰਬੰਧੀ ਸੂਚਨਾਵਾਂ ਹਰ ਮਹੀਨੇ ਦੀ ੧੦ ਤਰੀਕ ਤੱਕ "ਸੂਰਾ" ਦਫਤਰ ਵਿੱਚ ਪਹੁੰਚ ਜਾਣ ਤਾਂ ਜੋ ਆਉਂਦੇ ਮਹੀਨੇ ਦੇ ਰਸਾਲੇ ਵਿੱਚ ਛਪ ਸਕਣ ।

---

**ਬੈਂਕ ਡਰਾਫਟ, ਮਨੀ ਆਰਡਰ ਭੇਜਣ ਦਾ ਪਤਾ (ਸੂਰਾ ਮੰਥਲੀ)**

ਕੋਠੀ ਨੰਬਰ 12, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ

www.AKJ.Org

# ਅੰਬਾਲਾ ਛਾਉਣੀ ਵਿਖੇ ਸਾਲਾਨਾ ਸਮਾਗਮ

ਗੁਰਦੁਆਰਾ ਗੋਬਿੰਦ ਨਗਰ ਵਿਖੇ ੧੨ ਤੋਂ ੧੪ ਅਗਸਤ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤੱਕ
ਰਾਤ ਨੂੰ ਅੰਮ੍ਰਿਤਸੰਚਾਰ ਤੇ ਰੈਣਿ ਸਬਾਈ ਕੀਰਤਨ ੧੫ ਸਵੇਰੇ ਸਮਾਪਤੀ ।

## ਬਟਾਲਾ ਵਿਖੇ ਵਿਆਹ ਪੁਰਬ ਸਮਾਗਮ ੭ ਸਤੰਬਰ ਤੋਂ ੧੧ ਸਤੰਬਰ ਸਵੇਰ ਤੱਕ

੭ ਸਤੰਬਰ ਸ਼ਾਮ ੭ ਤੋਂ ੯ ਸੋਦਰ ਦੀ ਚੌਂਕੀ ਕੀਰਤਨ-ਗੁਰੂ ਨਾਨਕ ਕਾਲਜ ਵਿਖੇ
੮ ਸਤੰਬਰ ਸਵੇਰ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ-ਗੁਰੂ ਨਾਨਕ ਅਕੈਡਮੀ ਜਲੰਧਰ ਰੋਡ ਬਟਾਲਾ ਵਿਖੇ
੯ ਸਤੰਬਰ ਸ਼ਾਮ ੬ ਤੋਂ ੯ ਸੋਦਰ ਦੀ ਚੌਂਕੀ ਉਪਰੰਤ ਕੀਰਤਨ-ਗੁ: ਕੰਧ ਸਾਹਿਬ ਬਟਾਲਾ
੧੦ ਸਤੰਬਰ ਸਵੇਰ ੬ ਤੋਂ ੧੨ ਕੀਰਤਨ ਅਤੇ ਰਾਤ ਨੂੰ ੭ ਵਜੇ ਆਰੰਭ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ
ਗੁਰੂ ਨਾਨਕ ਕਾਲਜ ਅਕੈਡਮੀ, ਬਟਾਲਾ ਭੋਗ ੧੧ ਸਤੰਬਰ ਸਵੇਰ ੬ ਵਜੇ ।

ਦਾਸਰੇ - ਅਖੰਡ ਕੀਰਤਨੀ ਜੱਥਾ
ਗੁਰਦਾਸਪੁਰ-ਬਟਾਲਾ

---

੨੭ ਅਗਸਤ ੧੯੯੪ ਰੈਣ ਸਬਾਈ ਕੀਰਤਨ ਨੇੜੇ ਖਾਲਸਾ ਹਾਈ ਸਕੂਲ ਪਿੰਡ ਟੂਸਾ, ਲੁਧਿਆਣਾ

---

੨੮ ਅਗਸਤ ੧੯੯੪ ਨੂੰ ਅਖੰਡ ਕੀਰਤਨ ਸਮਾਗਮ ਗੁ: ਸ੍ਰੀ: ਪਾਉਂਟਾ ਸਾਹਿਬ (ਹਿਮਾਚਲ ਪ੍ਰਦੇਸ਼) ਦਿਵਸ ਸੁਹੇਲਾ ੨੮ ਅਗਸਤ ੧੯੯੪-
ਗੁਰੂ ਰਾਖਾ ਨਿਵਾਸ, ਸ੍ਰੀ ਪਾਉਂਟਾ ਸਾਹਿਬ ਰੈਣ ਸਬਾਈ ਆਰੰਭ ਗੁ: ਸ੍ਰੀ ਪਾਉਂਟਾ ਸਾਹਿਬ-੨੮ ਅਗਸਤ ੧੯੯੪
ਪੁਛ-ਗਿਛ ਸ੍ਰ: ਪਰਮਜੀਤ ਸਿੰਘ ਫੋਨ : ੦੧੭੦੪-੨੩੬੭

## ਚੰਡੀਗੜ ਵਿਖੇ ਸਲਾਨਾ ਸਮਾਗਮ ੧੫ ਤੋਂ ੧੮ ਸਤੰਬਰ ਵੇਰਵਾ ਆਉਂਦੇ ਸੂਰਾ ਵਿੱਚ

ਮਾਸਿਕ ਰੈਣਿ ਸਬਾਈ ੨੦ ਅਗਸਤ ਗੁ: ਦਸ਼ਮੇਸ਼ ਨਗਰ ਗਿੱਲ ਰੋਡ, ਕੈਂਪਾ ਕੋਲਾ ਚੌਕ , ਲੁਧਿਆਣਾ

**ਗੁਰਦੁਆਰਾ ਰਾਜਾਰਾਮ** ਗੁਰਦਾਸਪੁਰ ਰੋਡ ਹਰਚੋਵਾਲ ਵਿਖੇ ੨੦ ਅਗਸਤ ਸਵੇਰੇ ਭੋਗ ਸ੍ਰੀ ਅਖੰਡ ਪਾਠ ਰਾਤ ਰੈਣਿ ਸਬਾਈ ਕੀਰਤਨ

**ਗੁਰਦੁਆਰਾ ਪਾ: ੬** ਚਰਨ ਕੰਵਲ ਬੰਗਾ ਵਿਖੇ ਰੈਣਿ ਸਬਾਈ ਕੀਰਤਨ ੬ ਅਗਸਤ ਨੂੰ

**ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ** ਅੰਬਾਲਾ ਵਿਖੇ ੧੧ ਤੋਂ ੧੩ ਅਗਸਤ ਅਖੰਡ ਪਾਠ ਉਪਰੰਤ ਦੁਪਹਿਰ ਤੱਕ ਕੀਰਤਨ । ਅੰਮ੍ਰਿਤ ਸੰਚਾਰ ਤੇ ਰੈਣਿ ਸਬਾਈ ਕੀਰਤਨ ਅਰੰਭ ਸ਼ਾਮ ੬ ਵਜੇ ੧੪-੮-੯੪ ਸਵੇਰੇ ਭੋਗ

## INTERNATIONAL - PROG

ਮਿਤੀ 27-8-94 ਦਿਨ ਸ਼ਨੀਵਾਰ ਰੈਣ ਸਬਾਈ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ 16 &18 RUE-DE LA FERME-9300 BOBIGNY-FRANCE (PARIS)
TEL Gurdwara : 010-331-48311322 or 010-331-48950841
ਵਧੇਰੇ ਜਾਣਕਾਰੀ ਲਈ ਭਾਈ ਸ਼ਿੰਗਾਰਾ ਸਿੰਘ ਫੋਨ : 010-331-34193118

---

**ਗੁਰਬਾਣੀ ਤੇ ਸਤਿਕਾਰ ਲਈ 'ਸੂਰਾ' ਪੱਤਰ ਨੂੰ ਉੱਚੀ ਥਾਂ ਰਖੋ ਜੀ**

---

## ਸੂਰਾ ਮਾਸਿਕ ਪੱਤਰ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ: ਹਰਭਜਨ ਸਿੰਘ ਜੀ ਜਬਲਪੁਰ (ਮ. ਪ.) | ੧੦੦-੦੦ | ਸ: ਹਰਜੀਤ ਸਿੰਘ ਬੰਗਾ (ਜਲੰਧਰ) | ੧੦੧-੦੦ |
| ਬੀਬੀ ਸੁਰਿੰਦਰ ਕੌਰ ਜੀ ਆਦਮਪੁਰ (ਜਲੰਧਰ) | ੧੦੦-੦੦ | ਭਾਈ ਜਸਬੀਰ ਸਿੰਘ ਜੀ ਭਿਲਾਈ (ਮ. ਪ.) | ੨੦੦-੦੦ |
| ਗੁਪਤ | ੧੦੦-੦੦ | ਸ: ਹਰਵੇਲ ਸਿੰਘ ਜੀ ਰੇਲ ਕੋਚ ਫੈਕਟਰੀ (ਕਪੂਥਲਾ) | ੧੦੦-੦੦ |
| ਗੁਪਤ | ੧੦੦-੦੦ | ਭਾਈ ਅਵਤਾਰ ਸਿੰਘ, ਫਰੀਦਾਬਾਦ | ੫੦੦੦-੦੦ |
| ਭਾਈ ਸਤਨਾਮ ਸਿੰਘ, ਕਨੇਡਾ | ੨੧੦੭-੦੦ | ਭਾਈ ਇੰਦਰਜੀਤ ਸਿੰਘ ਜੈਪੁਰ | ੨੦੦-੦੦ |
| ਗੁਪਤ | ੧੦੦-੦੦ | | |

www.AKJ.Org